ਕੈਨੇਡਾ
# ਪੰਜਾਬ ਲਿੰਕ
WEEKLY NEWSPAPER VOL. : 10 ISSUE : 38 SATURDAY, 17 SEPTEMBER, 2022
www.punjablinkpaper.com 604-503-5465

MORTGAGE EXPERT
ਮੋਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
- Residential Mortgage
- Construction Mortgage
- Commercial Loan
- Private Loan
SATNAM SAROYA
MORTGAGE SPECIALIST
HOMEKEY MORTGAGES INC.
604.760.9172
# 384-8148 128 St., Surrey
6303 Fraser St.,Vancouver

Super Visa Insurance
ਅਸੀਂ ਘਰਾਂ ਅਤੇ ਕਾਰਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ।
ਸੁਪਰ ਵੀਜ਼ਾ
ਵਿਜ਼ਟਰ ਇੰਸ਼ੋਰੈਂਸ
- ਲਾਇਫ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
- ਵਿਜ਼ਟਰ ਇੰਸ਼ੋਰੈਂਸ
- RESP,RRSP's
- ਮੋਰਟਗੇਜ ਇੰਸ਼ੋਰੈਂਸ
- ਮਨੀ ਬੈਕ ਟਰਮ ਇੰਸ਼ੋਰੈਂਸ
- ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
- ਨੋਨ ਮੈਡੀਕਲ ਇੰਸ਼ੋਰੈਂਸ
ਜਸਵੀਰ ਗਰੇਵਾਲ
778.317.6262
jasvirgrewal0596@gmail.com

# ਪੀਅਰੇ ਪੋਲੀਵਰ
## ਕੰਸਰਵੇਟਿਵ ਪਾਰਟੀ ਆਫ ਕੈਨੇਡਾ ਦੇ
# ਨਵੇਂ ਨੇਤਾ ਬਣੇ

ਓਟਵਾ-43 ਸਾਲਾ ਪੀਅਰੇ ਪੋਲੀਵਰ 7 ਮਹੀਨਿਆਂ ਦੀ ਚੋਣ ਮੁਹਿੰਮ ਪਿੱਛੋਂ ਫੈਡਰਲ ਕੰਸਰਵੇਟਿਵ ਪਾਰਟੀ ਦੇ ਨਵੇਂ ਨੇਤਾ ਚੁਣੇ ਗਏ ਹਨ ਅਤੇ ਉਨ੍ਹਾਂ 68.15 ਫ਼ੀਸਦੀ ਵੋਟਾਂ ਨਾਲ ਮੁਕਾਬਲਾ ਜਿੱਤ ਲਿਆ ਜਦਕਿ ਕਿਊਬਕ ਦੇ ਸਾਬਕਾ ਪ੍ਰੀਮੀਅਰ ਜੀਨ ਚਾਰਸੇਟ ਜਿਹੜੇ ਦੂਸਰੇ ਸਥਾਨ 'ਤੇ ਰਹੇ ਨੂੰ ਕੇਵਲ 16.07 ਫ਼ੀਸਦੀ ਵੋਟਾਂ ਮਿਲੀਆਂ। ਇਸ ਚੋਣ ਮੁਹਿੰਮ ਵਿਚ ਉਹ ਸਾਰੇ ਮੋਰਚਿਆਂ 'ਤੇ ਮੋਹਰੀ ਰਿਹਾ ਚਾਹੇ ਉਹ ਮੈਂਬਰਸ਼ਿਪ ਸੇਲਜ਼ ਦਾ ਮਾਮਲਾ ਹੋਵੇ ਜਾਂ ਫੰਡਰੇਜ਼ਿੰਗ ਹੋਵੇ। ਐਮ ਪੀ ਲੇਸਲਿਨ ਲੇਵਿਸ ਜਿਹੜਾ ਪਾਰਟੀ ਲੀਡਰਸ਼ਿਪ ਲਈ 2020 ਦੇ ਲੀਡਰਸ਼ਿਪ ਮੁਕਾਬਲੇ ਵਿਚ ਤੀਸਰੇ ਸਥਾਨ 'ਤੇ ਰਿਹਾ ਸੀ ਇਸ ਵਾਰ ਵੀ 9.69 ਫ਼ੀਸਦੀ ਵੋਟਾਂ ਨਾਲ ਤੀਸਰੇ ਸਥਾਨ 'ਤੇ ਰਿਹਾ। ਓਨਟਾਰੀਓ ਦੇ ਸਾਬਕਾ ਐਮਪੀਪੀ ਨੇਤਾ ਰੋਮਨ ਬੇਬਰ ਜਿਸ ਨੂੰ ਕੋਵਿਡ-19 ਲਾਕਡਾਊਨਾਂ (ਬਾਕੀ ਸਫ਼ਾ 8 'ਤੇ)




## ਪਿੰਡ ਦਾਰਾਪੁਰ ਤੇ ਜ਼ਿਲ੍ਹਾ ਮੋਗਾ ਦੇ ਨਿਵਾਸੀਆਂ ਦਾ ਇਕੱਠ

ਸਰੀ (ਅਮਰਜੀਤ ਸਿੰਘ)-ਸੰਤ ਮਹੇਸ਼ ਮੁਨੀ ਜੀ ਬੋਰੇ ਵਾਲਿਆਂ ਦੀ ਯਾਦ ਵਿਚ ਇਲਾਕਾ ਨਿਵਾਸੀਆਂ ਦਾ ਇਕੱਠ।

(ਵੇਰਵੇ ਸਹਿਤ ਇਸ਼ਤਿਹਾਰ ਅੰਦਰ ਸਫ਼ਾ 15 ਉੱਪਰ ਹੈ।)

For All Kind of Real Estate Needs
ਕਾਬਲੀਅਤ, ਤਜ਼ੁਰਬਾ ਅਤੇ ਸਮਜਦਾਰੀ...
ਘਰ ਖਰੀਦਣ ਅਤੇ ਵੇਚਣ ਲਈ ਕਾਲ ਕਰੋ।
MANPREET DIDDEN
PERSONAL REAL ESTATE CORPORATION
Sutton WestCoast Realty
604-773-7870
Top 10% Realtor Of Fraser Valley Board
info@manpreetdidden.com
www.manpreetdidden.com

ਕੀ ਤੁਸੀਂ ਕਰਜ਼ੇ ਵਿਚ ਹੋ?
20 ਵਰਿਆਂ ਤੋਂ ਵੱਧ ਦਾ ਤਜ਼ਰਬਾ
ਮੁਫਤ ਸਲਾਹ
ਸ਼ਾਮ ਅਤੇ ਵੀਕਐਂਡ ਤੇ ਵੀ ਅਪੌਇਟਮੈਂਟ
ARVINDER S. KALSEY AVINEET S. KALSEY
- ਕੀ ਤੁਹਾਡਾ ਵਾਲ-ਵਾਲ ਕਰਜ਼ੇ ਵਿਚ ਡੁਬਿਆ ਹੋਇਆ ਹੈ?
- ਅਸੀ ਤੁਹਾਡਾ ਅੱਧੇ ਤੋਂ ਜਿਆਦਾ ਕਰਜ਼ਾ ਮੁਆਫ ਕਰਵਾ ਸਕਦੇ ਹਾਂ।
Business Solutions & Credit counselling services
#205 - 12033 - 92A Ave, Surrey
#1A - 2497 Clearbrook Rd. Abbotsford
604-951-8984
www.bscc.ca

BALLOWAL MONEY EXCHANGE
6418-Claytonwood Gate, Surrey
ਇੰਡੀਆ ਨੂੰ ਪੈਸੇ ਭੇਜਣ ਜਾਂ ਮੰਗਵਾਉਣ ਲਈ ਅੱਜ ਹੀ ਫੋਨ ਕਰੋ:
Sher Singh Grewal
778-723-6900

A- CLASS FOREIGN EXCHANGE INC.
ਤੁਸੀਂ ਇੰਡੀਆਂ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ ਨੂੰ ਟਰਾਂਸਵਰਲਡ ਟਰੈਵਲ 'ਚ ਮਿਲੋ
604-825-2222
(Inside Transworld Travel)
#119-12888 - 80th Ave., Surrey PH: 604-598-2222
32088 Cedar Lane, Abbotsford PH: 604-615-2222

Keep Smiling Denture Clinic
- Complete Denture
- Implant Denture
- Partial Denture
- Reline, Rebase
- Emergency Repair
- Mouth / Night Guard
Open Seven Days | Care Home Mobile Service
ਜੇ ਤੁਹਾਡੇ ਇੱਕ, ਇੱਕ ਤੋ ਵੱਧ ਦੰਦ ਨਿਕਲ ਚੁੱਕੇ ਹਨ, ਦੰਦ ਲਗਵਾਉਣੇ ਹਨ, ਦੰਦ ਪੁਰਾਣੇ ਹਨ ਜਾਂ ਹੁਣ ਨਵੇ ਲਗਵਾਉਣੇ ਹਨ। ਤੁਹਾਡੇ ਲਗਵਾਏ ਦੰਦ ਢਿੱਲੇ ਹਨ ਜਾਂ ਟੁੱਟ ਗਏ ਹਨ ਉਨ੍ਹਾਂ ਨੂੰ ਰੀਅਲਾਇਨ ਜਾਂ ਰਿਪੇਅਰ ਕਰਵਾਉਣ ਲਈ ਸਾਨੂੰ ਅੱਜ ਹੀ ਮਿਲੋ।
Gagan Chahal R.D.
Registered Denturist
Office: 778-600.0811, Gagan@DenturistBC.com
Address : 13117, 67A Ave, Surrey, BC

Bank Turndown? Could be just what you need!
Quick Private Funds
- $10,000 to $1 Million in just 24 Hours
- Up to $5 Million Available
Call today to get started
invis
SANJEEV KATYAL
604.767.5194
info@katyalmortgage.ca
WWW.KATYALMORTGAGE.CA

Punjab Insurance Inc
LIFE INSURANCE
ਸੀਨੀਅਰ ਨਾਗਰਿਕ ਆਪਣੀ $100000 ਦੀ ਲਾਈਫ ਇੰਸ਼ੋਰੈਂਸ ਲਈ ਕਾੱਲ ਕਰੋ
Harpreet Rana
416-871-3571
www.harpreetrana.com

MORTGAGE SPECIALIST!
Residential Construction, Commercial and Private Mortgages
- Pre - Approval available in 24 Hours
- rate hold - 120 days
- Bad credit also welcome
AMANDEEP DUGGAL
MORTGAGE BROKER
A Better Way
604-368 -2030
604-227-9694
# 102-6321 King George Blvd, Surrey

TRANSource FREIGHTWAYS
*First Time
Pin to Pin
(ਯਾਰਡ ਤੋਂ ਯਾਰਡ)
ਕੰਮ ਲਈ Drivers & Owner Operators ਚਾਹੀਦੇ ਹਨ
ਬੀ ਸੀ ਤੋਂ ਅਲਬਰਟਾ ਅਤੇ ਅਲਬਰਟਾ ਤੋਂ ਬੀ ਸੀ
SUKHBIR SINGH
604.525.0527 Ext. 112

ਪ੍ਰਦੇਸੀ
Pardesi
SWEETS & RESTAURANT
Dine In - Take Out
ਤੁਸੀਂ ਸਾਡੇ ਸਟੋਰ ਤੋਂ ਹਰ ਤਰ੍ਹਾਂ ਦੀ ਮਠਿਆਈ ਲੈ ਸਕਦੇ ਹੋ
Veg & Non Veg Dishes
Samosa, Veg Pakora
Fish Pakora, Chicken Pakora
Sweets
604-591-1950 | #107 - 13588 - 88 Ave., Surrey

ਜ਼ੋਰਾਵਰ
ਕੰਸਟਰਕਸ਼ਨ ਲਿਮ.
ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ। ਵਧੀਆ ਤਨਖਾਹ, ਇਕ ਸਾਲ ਕੰਮ ਕਰਨ ਵਾਲਿਆਂ ਲਈ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਪੱਕੇ ਕਰਨ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।
ਨਵੇਂ ਪੁਰਾਣੇ ਘਰਾਂ ਅਤੇ ਕਮਰਸ਼ੀਅਲ ਬਿਲਡਿੰਗਾਂ ਦੇ ਤੱਸਲੀਬਖਸ਼ ਡਰਾਈਵਾਲ ਕੰਮ ਲਈ ਸਰੀ ਦੀ ਪ੍ਰਸਿੱਧ ਜ਼ੋਰਾਵਰ ਕੰਸਟਰਕਸ਼ਨ ਕੰਪਨੀ ਦੀਆਂ ਸੇਵਾਵਾਂ ਲਓ
Lakhvir Singh Grewal: 778-881-0002

S T & A Simpson, Thomas & Associates
TRIAL LAWYERS

"Simpson, Thomas & Associates are a legal dream team. No other law firm could have fought this claim as it takes a lot of resources to fight a case of this nature."
– Former client commenting on the Jago wedding tragedy

# B.C.'s Pioneering Law Firm for Motor Vehicle and Personal Injury Cases

For over 50 years Simpson, Thomas & Associates (formerly Simpson & Company) have been advocates for personal injury victims seeking justice.

A+ Rated BBB ACCREDITED BUSINESS

"Many thanks to you and your team. Because of your assistance, we felt less stress and were able to focus on my father while you took care of the rest. Each time you attended our residence you left us feeling relieved."
– B.Sekhon

**Our history of successfully settling personal injury claims has garnered respect from our clients, and within the legal and rehabilitation communities in B.C.**

- Brain Injury
- Paraplegia
- Quadriplegia
- Spinal Cord Injury

**Translation Services Available**
STA has support staff fluent in Punjabi, Hindi and Gujarati.

**Your Needs Come First**
If mobility is a challenge, we can come to you.


Adam Ueland
LAWYER

**Call Simpson, Thomas & Associates at 604-229-6448 to request a free initial legal consultation or fill out our online form on simpsonthomas.com**

**"We have offices in Vancouver and Surrey/Delta."**

Caring. Compassionate. Community-Focussed.

ACCOUNTANT
axioaccounting.com
Personal & Corporate Tax Filing and other related services.
ਹਰ ਤਰਾਂ ਦੇ ਫਾਰਮ ਭਰਵਾਓ
#114-8028 128 St (Little India Plaza) Surrey, BC
AXiO Accounting + Tax
LAKHJIT S. SARANG
604-613-9100



PUNJAB LINK
# ਪੰਜਾਬ ਲਿੰਕ
WEEKLY NEWSPAPER VOL. : 10 ISSUE : 38 SATURDAY, 17 SEPTEMBER, 2022
www.punjablinkpaper.com 604-503-5465



ਰੇਡੀਓ ਹੁਣ ਤੁਹਾਡੇ ਫੋਨ ਵਿੱਚ
Punjabi Link Radio
App Store · Google play
24 Hour Online Radio
ਪ੍ਰਭ ਕੀ ਬਾਣੀ
6.00am to 8:00am
ਕੁੱਝ ਖਬਰਾਂ ਕੁੱਝ ਗੀਤ
12:00pm to 2:00pm
B.C. Time Mon to Sat
Amarjit Singh
Surrey Studio: 778-564-5642
Office: 1-844-884-8840
www.punjabilinkradio.com


# ਜੇਲ੍ਹ ਵਿਭਾਗ ਨੇ ਸਦੀ ਪੁਰਾਣੇ ਨਿਯਮ ਬਦਲੇ

## ਪੰਜਾਬ ਦੀਆਂ ਜੇਲ੍ਹਾਂ ਵਿਚ ਗਲਵੱਕੜੀ ਪ੍ਰੋਗਰਾਮ ਸ਼ੁਰੂ



ਫ਼ਰੀਦਕੋਟ-ਜੇਲ੍ਹਾਂ ਵਿੱਚ ਨਜ਼ਰਬੰਦ ਹਵਾਲਾਤੀਆਂ ਤੇ ਕੈਦੀਆਂ ਨੂੰ ਉਨ੍ਹਾਂ ਦੇ ਪਰਿਵਾਰ ਵਾਲਿਆਂ ਨਾਲ ਮੁਲਾਕਾਤ ਕਰਵਾਉਣ ਵਾਸਤੇ ਜੇਲ੍ਹ ਵਿਭਾਗ ਨੇ ਸਦੀ ਪੁਰਾਣੇ ਨਿਯਮਾਂ ਵਿੱਚ ਸੋਧ ਕਰ ਕੇ ਇਹ ਸਹੂਲਤ ਅੱਜ ਤੋਂ ਲਾਗੂ ਕਰ ਦਿੱਤੀ ਹੈ। ਇੱਥੋਂ ਦੀ ਕੇਂਦਰੀ ਮਾਡਰਨ ਜੇਲ੍ਹ ਵਿੱਚ ਮੁਲਾਕਾਤਾਂ ਲਈ ਬਣਾਏ ਗਏ ਵਿਸ਼ੇਸ਼ ਕਮਰਿਆਂ ਦਾ ਉਦਘਾਟਨ ਕਰਦਿਆਂ ਜੇਲ੍ਹਾਂ ਦੇ ਡੀਆਈਜੀ ਤੇਜਿੰਦਰ ਸਿੰਘ ਮੌੜ ਨੇ ਕਿਹਾ ਕਿ ਜੇਲ੍ਹ ਵਿਭਾਗ ਵੱਲੋਂ ਸ਼ੁਰੂ ਕੀਤੇ ਨਵੇਂ ਪ੍ਰਾਜੈਕਟ ਤਹਿਤ ਜੇਲ੍ਹ ਅੰਦਰ ਕੁਝ ਕਮਰੇ ਬਣਾਏ ਗਏ ਹਨ, ਜਿਨ੍ਹਾਂ ਵਿੱਚ ਸੀਸੀਟੀਵੀ ਕੈਮਰੇ ਲਗਾਏ ਗਏ ਹਨ। ਇੱਥੇ ਕੈਦੀ ਆਪਣੇ ਪਰਿਵਾਰ ਨਾਲ ਬੈਠ ਕੇ 50 ਮਿੰਟ ਤੱਕ ਮੁਲਾਕਾਤ ਕਰ ਸਕਦਾ ਹੈ। ਜੇਲ੍ਹ ਸੁਪਰਡੈਂਟ ਰਾਜੀਵ ਕੁਮਾਰ ਅਰੋੜਾ ਨੇ ਕਿਹਾ ਕਿ ਪਰਿਵਾਰਕ ਮੈਂਬਰ ਤਿੰਨ ਮਹੀਨੇ 'ਚ ਇੱਕ ਵਾਰ ਆਪਣੇ ਪਰਿਵਾਰ ਨੂੰ ਮਿਲ ਸਕਦੇ ਹਨ। ਇਨ੍ਹਾਂ ਕਮਰਿਆਂ ਵਿੱਚ ਖਾਣ-ਪੀਣ ਦਾ ਕੋਈ ਵੀ ਸਾਮਾਨ ਨਹੀਂ ਜਾ ਸਕੇਗਾ। ਡੀਆਈਜੀ ਮੌੜ ਨੇ ਕਿਹਾ ਕਿ ਪੰਜਾਬ ਸਰਕਾਰ ਦੇ ਇਸ ਨਵੇਂ ਉਪਰਾਲੇ ਨਾਲ ਜੇਲ੍ਹ ਦੇ ਪ੍ਰਬੰਧਾਂ ਵਿੱਚ ਵੱਡਾ ਸੁਧਾਰ ਆਵੇਗਾ। ਫ਼ਰੀਦਕੋਟ ਜੇਲ੍ਹ ਵਿੱਚ ਪਹਿਲੇ ਦਿਨ ਹਵਾਲਾਤੀਆਂ ਨੂੰ ਬਣੇ ਵਿਸ਼ੇਸ਼ ਕਮਰਿਆਂ ਵਿੱਚ ਉਨ੍ਹਾਂ ਦੇ ਪਰਿਵਾਰਾਂ ਨਾਲ ਮਿਲਾਇਆ ਗਿਆ।

## ਲੁਧਿਆਣਾ ਕੇਂਦਰੀ ਜੇਲ੍ਹ ਤੋਂ ਮੁਹਿੰਮ ਦਾ ਆਗਾਜ਼



ਲੁਧਿਆਣਾ-ਇਥੋਂ ਦੀ ਕੇਂਦਰੀ ਜੇਲ੍ਹ ਵਿੱਚ ਸੂਬੇ ਦੇ ਜੇਲ੍ਹ ਮੰਤਰੀ ਹਰਜੋਤ ਸਿੰਘ ਬੈਂਸ ਨੇ ਕੈਦੀਆਂ/ਹਵਾਲਾਤੀਆਂ ਲਈ 'ਗਲਵੱਕੜੀ' ਪ੍ਰੋਗਰਾਮ ਦਾ ਉਦਘਾਟਨ ਕੀਤਾ। ਇਸ ਨਵੇਂ ਉੱਦਮ ਤਹਿਤ ਕੈਦੀ/ਹਵਾਲਾਤੀ ਹੁਣ ਸਾਲ ਦੀ ਤਿਮਾਹੀ ਦੌਰਾਨ ਜੇਲ੍ਹ ਕੰਪਲੈਕਸ ਅੰਦਰ ਸਥਾਪਿਤ ਵਿਸ਼ੇਸ਼ ਕਮਰੇ ਵਿੱਚ ਪਰਿਵਾਰਕ ਜੀਆਂ ਨੂੰ ਇਕ ਘੰਟੇ ਲਈ ਵਿਅਕਤੀਗਤ ਤੌਰ 'ਤੇ ਮਿਲ ਸਕਣਗੇ। ਇਸ ਪ੍ਰੋਗਰਾਮ ਦਾ ਲਾਭ ਸਿਰਫ਼ ਚੰਗੇ ਆਚਰਣ ਵਾਲੇ ਕੈਦੀਆਂ ਤੇ ਹਵਾਲਾਤੀਆਂ ਨੂੰ ਹੀ ਮਿਲੇਗਾ। ਹਾਰਡ ਕੋਰ ਅਪਰਾਧੀਆਂ ਲਈ ਇਹ ਸਹੂਲਤ ਨਹੀਂ ਹੋਵੇਗੀ। ਸ੍ਰੀ ਬੈਂਸ ਨੇ ਕਿਹਾ 'ਗਲਵੱਕੜੀ' ਪ੍ਰੋਗਰਾਮ ਤਹਿਤ ਕੈਦੀ/ਹਵਾਲਾਤੀ ਆਪਣੇ ਪਰਿਵਾਰ ਦੇ ਮੈਂਬਰਾਂ *(ਬਾਕੀ ਸਫ਼ਾ 10 'ਤੇ)*


GOLDMINE INSURANCE
A MEMBER OF ALL CANADIAN INSURANCE
Home, Business, Auto ICBC autoplan
Prorate, Cargo, Life, Disability
Critical, Travel Visitor & Medical
ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਸੰਪਰਕ ਕਰੋ
MALKIT (MIKE) JHAND
B.Sc, L.L.B
Managing Director
604-537-2000
Email: malkit@goldmineinsurance.ca



ਫਾਸਟ ਡਰਾਈਵਾਲ
Complete Drywall Services
ਵਰਕਰਾਂ ਦੀ ਜ਼ਰੂਰਤ
ਸਾਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਜਰਬੇ ਦੇ ਅਧਾਰ ਤੇ ਤਨਖਾਹ $20 ਤੋਂ $25 ਦਿੱਤੀ ਜਾਵੇਗੀ। ਲਗਾਤਾਰ ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਹੋਣ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਇਡ ਦਾ ਪ੍ਰਬੰਧ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਸਾਹਿਬ ਸਿੰਘ
778-863-9000



WE NOW OFFER OVER 40 PROGRAMS
StudentAidBC

| EDUCATION ASSISTANT $8000 | HEALTH CARE ASSISTANT $5250 | PHARMACY ASSISTANT $5500 | CERTIFIED DENTAL ASSISTANT $14,000 |
|---|---|---|---|
| WAGES:$24-$28 PER HOUR | WAGES:$17-$26.50 PER HOUR | WAGES:$19.61-$27.30 PER HOUR | WAGES:$26-$30 PER HOUR |

ONLINE CLASSES AVAILABLE FOR ALL PROGRAMS
WESTERN COMMUNITY COLLEGE
INSTALLMENT-BASED, LOW TUITION FEE
100% PRACTICUM PLACEMENT
FREE CLB PREPARATION* *SOME CONDITIONS APPLY
FULL/PART TIME & EVENING CLASSES AVAILABLE
FINANCIAL AID AVAILABLE : BC STUDENT LOAN & WCC FINANCING
www.westerncommunitycollege.ca
info@westerncommunitycollege.ca
604.594.3500
Surrey Unit 201-8318 120 St.
Abbotsford Unit 201-3670 Townline Rd.
South Surrey Unit 204-15850 24 Ave



Canadian Surrey Veggie pizza
100% ਵੈਜ਼ੀ ਅਦਰਕ ਧਨੀਏ ਵਾਲਾ ਕਰਾਰਾ ਪੀਜ਼ਾ
THINK VEGGIE
Surrey Punjabi Style Pizza
ਅਸੀਂ 2 ਕਿਲੋਮੀਟਰ ਦੇ ਅੰਦਰ ਡਿਲਵਰੀ ਵੀ ਕਰਦੇ ਹਾਂ
Time: 11am to 11pm
604-593-1110
#106 - 8077 King George Blvd, Surrey



HARVEER ACCOUNTING SERVICES
ਅਸੀਂ ਹਰ ਤਰ੍ਹਾਂ ਦੀਆਂ ਟੈਕਸ ਅਤੇ ਇੰਮੀਗ੍ਰੇਸ਼ਨ ਸੇਵਾਵਾਂ ਪ੍ਰਦਾਨ ਕਰਦੇ ਹਾਂ
ਅਸੀਂ ਟੈਕਸ ਭਰਨ ਦੇ $30 ਲੈਂਦੇ ਹਾਂ
Baljinder K. Sandhu
778-847-2800
6522 - 141B St., Surrey
harveerservices@gmail.com



So Easy ਲਰਨਿੰਗ ਲਾਇਸੈਂਸ
(ਦੀ ਤਿਆਰੀ ਕੰਪਿਊਟਰ ਨਾਲ ਕਰਵਾਂਉਦੇ ਹਾਂ)
604.614.5365
#15-8388-128 St., Surrey
(ਗਰੈਂਡ ਤਾਜ ਬੈਂਕੁਇਟ ਹਾਲ ਦੇ ਪਿਛਲੇ ਪਾਸੇ)
• ਕਾਰ • ਟਰੱਕ
• ਆਟੋਮੈਟਿਕ ਟਰੱਕ
• ਮੋਟਰਸਾਇਕਲ
• ਟੈਕਸੀ ਜਾਂ ਏਅਰ ਬਰੇਕ
ਅਸੀਂ ਕੰਪਿਊਟਰ ਤੇ ਆਪ ਟੈਸਟ ਲੈਂਦੇ ਹਾਂ
ਅਸੀਂ ਸਿਟੀਜ਼ਨਸ਼ਿਪ ਟੈਸਟ ਦੀ ਤਿਆਰੀ ਵੀ ਕੰਪਿਊਟਰ ਨਾਲ ਕਰਵਾਂਉਦੇ ਹਾਂ
ਲਾਇਸੈਂਸ ਲੈਣ ਲਈ ਸੰਪਰਕ ਕਰੋ



NOTARY PUBLIC
AANCHAL GHAI
604-503-2227
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
• Property Purchase Sales/Mortgage
• Power of Attorney
• Wills • Affidavits
• Visitation Letters
• Statutory Declarations
BC Notaries
Payal Business Centre 80 ਐਵਨਿਊ ਵਾਲੇ ਪਾਸੇ
www.ghainotary.ca
#151-12899 80th Ave, Surrey
Email: aanchal@ghainotary.ca

# ਬੀ.ਸੀ. ਵਿਚ 37 ਮੇਅਰ ਬਿਨ੍ਹਾਂ ਮੁਕਾਬਲਾ ਜਿੱਤੇ



ਵਿਕਟੋਰੀਆ-ਬ੍ਰਿਟਿਸ਼ ਕੋਲੰਬੀਆ ਵਿਚ ਮਿਉਂਸਪਲ ਚੋਣਾਂ ਹੋਣ ਵਿਚ ਅਜੇ ਇਕ ਮਹੀਨੇ ਤੋਂ ਵੀ ਜ਼ਿਆਦਾ ਸਮਾਂ ਰਹਿੰਦਾ ਹੈ ਪਰ ਸੂਬੇ ਦੇ 37 ਸ਼ਹਿਰਾਂ ਦੇ ਮੇਅਰ ਬਿਨ੍ਹਾਂ ਮੁਕਾਬਲਾ ਜੇਤੂ ਰਹੇ ਹਨ। ਉਨ੍ਹਾਂ ਵਿਚ ਬਰਨਬੀ ਦਾ ਮੇਅਰ ਮਾਈਕ ਹਰਲੀ ਤੇ ਪੋਰਟ ਕੋਕੁਇਟਲਮ ਦਾ ਮੇਅਰ ਬਰੈਡ ਵੈਸਟ ਸ਼ਾਮਿਲ ਹਨ ਜਿਹੜੇ ਦੂਸਰੀ ਵਾਰ ਜਿੱਤੇ ਹਨ। ਗੈਰ ਮੁਨਾਫਾ ਸੰਗਠਨ ਸਿਵਿਕਇਨਫੋ ਬੀਸੀ ਵਲੋਂ ਨਾਮਜ਼ਦਗੀ ਬਾਰੇ ਇਕੱਤਰ ਕੀਤੀ ਜਾਣਕਾਰੀ ਤੋਂ ਪਤਾ ਲਗਦਾ ਹੈ ਕਿ 9 ਸਤੰਬਰ ਨੂੰ ਸ਼ਾਮ 4 ਵਜੇ ਨਾਮਜ਼ਦਗੀ ਭਰਨ ਦਾ ਸਮਾਂ ਖਤਮ ਹੋਣ ਪਿੱਛੋਂ ਬੀਸੀ ਦੇ ਮੇਅਰ ਅਹੁਦਿਆਂ ਦੇ 37 ਮੇਅਰ ਆਪਣੇ ਆਪ ਚੁਣੇ ਗਏ ਹਨ। ਬਿਨ੍ਹਾਂ ਮੁਕਾਬਲਾ ਜੇਤੂ ਰਹੇ ਬਰੈਡ ਵੈਸਟ ਨੇ ਕਿਹਾ ਕਿ ਇਹ ਕਿਆਫਾ ਲਾਉਣਾ ਔਖਾ ਹੈ ਕਿ ਇਸ ਵਾਰ ਕਿਸੇ ਹੋਰ ਉਮੀਦਵਾਰ ਨੇ ਆਪਣਾ ਨਾਂਅ ਕਿਉਂ ਨਹੀਂ ਪੇਸ਼ ਕੀਤਾ ਪਰ ਉਸ ਦੇ ਸ਼ਹਿਰ ਨੇ ਜੋ ਪ੍ਰਾਪਤੀ ਕੀਤੀ ਹੈ ਉਸ 'ਤੇ ਉਸ ਨੂੰ ਬੇਹੱਦ ਮਾਣ ਹੈ।੧



# ਸਰੀ ਸਿਟੀ ਕੌਂਸਲ ਵੱਲੋਂ ਨਵੇਂ ਨਿਊਟਨ ਕਮਿਊਨਿਟੀ ਸੈਂਟਰ ਦੀ ਉਸਾਰੀ ਆਰੰਭ

ਸਰੀ-ਬੀਤੀ 14 ਸਤੰਬਰ ਨੂੰ ਸਿਟੀ ਵਲੋ ਸਰੀ ਵਿਚ ਨਵੇਂ ਨਿਊਟਨ ਕਮਿਊਨਿਟੀ ਸੈਂਟਰ ਦੀ ਉਸਾਰੀ ਲਈ ਟੱਕ ਲਗਾਇਆ ਗਿਆ। ਗਰਾਊਂਡ ਬਰੇਕਿੰਗ (ਉਸਾਰੀ ਲਈ ਟੱਕ) ਦੀ ਇਹ ਰਸਮ ਮੇਅਰ ਡੱਗ ਮੈਕੱਲਮ, ਕੌਂਸਲਰ ਮਨਦੀਪ ਨਾਗਰਾ ਤੇ ਹੋਰਾਂ ਵਲੋਂ ਅਦਾ ਕੀਤੀ ਗਈ। ਇਸ ਮੌਕੇ ਬੋਲਦਿਆਂ ਮੇਅਰ ਡੱਗ ਮੈਕਲਮ ਨੇ ਕਿਹਾ ਕਿ ਮੈਨੂੰ ਨਿਊਟਨ ਵਿਚ ਨਵੇਂ ਕਮਿਊਨਿਟੀ ਸੈਂਟਰ ਲਈ ਟੱਕ ਲਗਾਉਣ ਦੀ ਅਤਿਅੰਤ ਖੁਸ਼ੀ ਹੈ। ਇਸ ਪ੍ਰਾਜੈਕਟ ਲਈ ਪਹਿਲਾਂ ਹੀ ਸੜਕਾਂ ਦਾ ਕੰਮ ਪੂਰਾ ਹੋ ਚੁੱਕਾ ਹੈ ਅਤੇ ਹੁਣ ਇਸ ਨਵੀਂ ਜਨਤਕ ਮਨੋਰੰਜਨ ਸਹੂਲਤ 'ਤੇ ਕੰਮ ਸ਼ੁਰੂ ਹੋ ਗਿਆ ਹੈ। ਨਿਊਟਨ ਕਮਿਊਨਿਟੀ ਸੈਂਟਰ ਸਰੀ ਨਿਵਾਸੀਆਂ ਲਈ ਇੱਕ ਹੱਬ ਹੋਵੇਗਾ, ਜੋ ਹਰ ਉਮਰ ਦੇ ਲੋਕਾਂ ਲਈ ਸੇਵਾਵਾਂ ਪ੍ਰਦਾਨ ਕਰੇਗਾ। ਸਿਟੀ ਕੌਂਸਲ ਮਨੋਰੰਜਨ ਅਤੇ ਮੁਕਾਬਲੇ ਦੀਆਂ ਖੇਡਾਂ ਦੇ ਮੌਕੇ ਪ੍ਰਦਾਨ ਕਰਨ ਦੇ ਮਹੱਤਵ ਨੂੰ ਸਮਝਦੀ ਹੈ। ਇਸ ਲਈ ਅਸੀਂ ਪੂਰੇ ਸ਼ਹਿਰ ਵਿੱਚ ਉੱਚ-ਗੁਣਵੱਤਾ ਵਾਲੀਆਂ ਸਹੂਲਤਾਂ ਅਤੇ ਸਹੂਲਤਾਂ ਦਾ ਨਿਰਮਾਣ ਕਰਨ ਲਈ 'ਸਰੀ ਇਨਵੈਸਟਸ' ਕੈਪੀਟਲ ਪ੍ਰੋਗਰਾਮ ਰਾਹੀਂ £428 ਮਿਲੀਅਨ ਦਾ ਨਿਵੇਸ਼ ਕਰ ਰਹੇ ਹਾਂ। ਨਿਊਟਨ ਕਮਿਊਨਿਟੀ ਸੈਂਟਰ ਦੇ ਸ਼ੁਰੂਆਤੀ ਨਿਰਮਾਣ ਵਿੱਚ 10-ਲੇਨ ਦਾ 50-ਮੀਟਰ ਸਵਿਮਿੰਗ ਪੂਲ, ਮਨੋਰੰਜਨ ਪੂਲ, ਗਰਮ ਟੱਬ, ਸੌਨਾ ਅਤੇ ਸਟੀਮ ਰੂਮ, ਫਿਟਨੈਸ ਸੈਂਟਰ, ਲਾਇਸੰਸਸ਼ੁਦਾ ਚਾਈਲਡ ਕੇਅਰ ਅਤੇ ਬਹੁ-ਮੰਤਵੀ ਸਥਾਨ ਸ਼ਾਮਲ ਹੋਣਗੇ। ਅਗਲੇ ਪੜਾਅ ਵਿੱਚ ਇੱਕ ਲਾਇਬ੍ਰੇਰੀ, ਮਲਟੀਪਰਪਜ਼ ਜਿਮਨੇਜ਼ੀਅਮ ਅਤੇ ਸੱਭਿਆਚਾਰਕ ਸਹੂਲਤਾਂ ਸ਼ਾਮਿਲ ਹਨ। ਨਿਊਟਨ ਕਮਿਊਨਿਟੀ ਸੈਂਟਰ ਊਰਜਾ ਪ੍ਰਦਰਸ਼ਨ ਮਿਆਰਾਂ, ਜਿਵੇਂ ਕਿ ਨੈੱਟ ਜ਼ੀਰੋ ਕਾਰਬਨ ਅਤੇ ਪੈਸਿਵ ਹਾਊਸ ਲਈ ਤਿਆਰ ਕੀਤਾ ਗਿਆ ਇੱਕ ਸਥਾਈ ਸਹੂਲਤ ਹੋਵੇਗੀ। । ਇਹ ਪ੍ਰੋਜੈਕਟ 2021 ਵਿਚ ਪੰਜ-ਸਾਲਾ (2021-2025) ਕੈਪੀਟਲ ਫਾਈਨੈਂਸ਼ੀਅਲ ਪਲਾਨ ਵਿਚ ਮਨਜ਼ੂਰ ਕੀਤਾ ਗਿਆ ਸੀ ਅਤੇ 'ਸਰੀ ਇਨਵੈਸਟਸ' ਕੈਪੀਟਲ ਪਲਾਨ ਵਿੱਚ ਸ਼ਾਮਲ 20 ਤੋਂ ਵੱਧ ਪ੍ਰੋਜੈਕਟਾਂ ਵਿੱਚੋਂ ਇੱਕ ਹੈ। ਹੋਰ ਜਾਣਕਾਰੀ ਲਈ surrey.ca/capitalprojects 'ਤੇ ਵੇਖਿਆ ਜਾ ਸਕਦਾ ਹੈ।

# ਐਬਟਸਫੋਰਡ ਕੌਂਸਲ ਦੇ ਮੇਅਰ ਦੇ ਅਹੁਦੇ ਲਈ ਚਾਰ ਉਮੀਦਵਾਰ ਚੋਣ ਮੈਦਾਨ ਵਿਚ



ਐਬਟਸਫੋਰਡ-15 ਅਕਤੂਬਰ ਨੂੰ ਹੋ ਰਹੀਆਂ ਚੋਣਾਂ ਲਈ ਉਮੀਦਵਾਰਾਂ ਦੀਆਂ ਸੂਚੀਆਂ ਨੂੰ ਅੰਤਿਮ ਰੂਪ ਦੇ ਦਿੱਤਾ ਹੈ। ਐਬਟਸਫੋਰਡ ਵਿਚ ਕਾਫੀ ਉਮੀਦਵਾਰ ਆਪਣੀ ਕਿਸਮਤ ਅਜਮਾ ਰਹੇ ਹਨ। ਐਬਟਸਫੋਰਡ ਦੇ ਵੋਟਰ ਇਕ ਮੇਅਰ, 8 ਕੌਂਸਲਰਾਂ ਤੇ ਸਕੂਲ ਬੋਰਡ ਲਈ 7 ਟਰੱਸਟੀਆਂ ਦੀ ਚੋਣ ਕਰਨਗੇ। ਟਰੋਏ ਗੈਸਪਰ, ਰੋਸ ਸੀਮੇਂਸ, ਮਨਜੀਤ ਸੋਹੀ ਤੇ ਡੇਵਿਡ ਪੇਲਿਕਾਨ ਮੇਅਰ ਦੇ ਅਹੁਦੇ ਲਈ, ਜਸ ਐਸ ਅਨੰਦ, ਲੇਸ ਬਾਰਕਮੈਨ, ਸੈਂਡੀ ਬਲਿਊ, ਕੈਲੀ ਚਾਹਲ, ਪੈਟਰੀਸ਼ੀਆ ਡਰੀਸਨ, ਡੇਵਿਡ ਇਵਾਨਸ, ਟਿਮ ਫੇਲਗਰ, ਰੇਨ ਗੈਸਪਰ, ਸਾਈਮਨ ਗਿਬਸਨ, ਡੇਵ ਲੋਵੇਨ, ਡੇਵਿਡ ਮੈਕਲੌਰੇਨ, ਅਲੈਕਸ ਮਿਸ਼ੇਲ, ਅੰਮ੍ਰਿਤਪਾਲ ਮੰਡ, ਟੌਮ ਨਾਰਟਨ, ਸਟੀਵ ਪਿਮ, ਪੈਟਰੀਸ਼ੀਆ ਰੌਸ, ਭਾਰਤੀ ਸੰਧੂ, ਡੇਵ ਸਿੱਧੂ, ਗੁਰਨੂਰ ਸਿੱਧੂ, ਦਾਓ ਟਰਾਨ ਤੇ ਮਾਰਕ ਵਾਰਕੇਨਟਿਨ ਕੌਂਸਲਰ ਬਣਨ ਤੇ ਫਿਲ ਐਂਡਰਸਨ, ਕੈਥਰੀਨ ਸਾਇਰ, ਰੂਪੀ ਕੰਡਾ-ਰਾਜਵਾਨ, ਫਰੇਡੀ ਲੈਥਮ, ਕੋਰਕੀ ਨਿਉਫੇਲਡ, ਸਟੈਨ ਪੀਟਰਸਨ, ਗਰਾਹਮ ਮੈਕਡੋਨਲ, ਪ੍ਰੀਤ ਰਾਏ, ਮਾਈਕ ਰੌਚ, ਅਰਲ ਸਟੋਰੀ, ਜੇਰੇਡ ਵਾਈਟ ਅਤੇ ਸ਼ਰਲੀ ਵਿਲਸਮ ਸਕੂਲ ਬੋਰਡ ਦਾ ਟਰੱਸਟੀ ਬਣਨ ਲਈ ਚੋਣ ਲੜ ਰਹੇ ਹਨ।

# ਟਰੂਡੋ ਵਲੋਂ ਘੱਟ ਕਮਾਈ ਕਰਨ ਵਾਲਿਆਂ ਲਈ 4.5 ਅਰਬ ਡਾਲਰ ਦੇ ਮਹਿੰਗਾਈ ਰਾਹਤ ਪੈਕੇਜ ਦਾ ਐਲਾਨ

ਓਟਵਾ-ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਘੱਟ ਆਮਦਨ ਵਾਲੇ ਪਰਿਵਾਰਾਂ ਨੂੰ ਮਹਿੰਗਾਈ ਦੀ ਮਾਰ ਤੋਂ ਰਾਹਤ ਮੁਹੱਈਆ ਕਰਨ ਦੇ ਇਰਾਦੇ ਨਾਲ 4.5 ਅਰਬ ਡਾਲਰ ਦੇ ਉਪਾਵਾਂ ਦਾ ਐਲਾਨ ਕੀਤਾ ਹੈ। ਟਰੂਡੋ ਨੇ ਕਿਹਾ ਕਿ ਉਪਾਵਾਂ ਵਿਚ ਸੇਲਜ਼ ਟੈਕਸ ਨੂੰ ਆਫਸੈੱਟ ਕਰਨ ਲਈ ਘੱਟ ਤੇ ਸਧਾਰਨ ਆਮਦਨ ਵਾਲੇ ਵਿਅਕਤੀਆਂ ਤੇ ਪਰਿਵਾਰਾਂ ਨੂੰ ਭੇਜੇ ਜਾਣ ਵਾਲੇ ਤਿਮਾਹੀ ਟੈਕਸ ਕ੍ਰੈਡਿਟ ਨੂੰ ਦੁੱਗਣਾ ਕਰਨ ਅਤੇ ਘੱਟ ਕਮਾਈ ਕਰਨ ਵਾਲਿਆਂ ਜਿਨ੍ਹਾਂ ਨੂੰ ਕਿਰਾਏ ਵਿਚ ਮਦਦ ਦੀ ਲੋੜ ਹੈ ਨੂੰ ਹਾਊਸਿੰਗ ਲਾਭ ਲਈ ਇਕ ਵਾਰ 500 ਡਾਲਰ ਰਕਮ ਮੁਹੱਈਆ ਕਰਨਾ ਸ਼ਾਮਿਲ ਹੈ। ਟਰੂਡੋ ਦੀ ਲਿਬਰਲ ਸਰਕਾਰ 12 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਜਿਨ੍ਹਾਂ ਦੀ ਡੈਂਟਲ ਬੀਮੇ ਤਕ ਪਹੁੰਚ ਨਹੀਂ ਨੂੰ ਡੈਂਟਲ ਕੇਅਰ ਲਈ ਪ੍ਰਤੀ ਸਾਲ 650 ਡਾਲਰ ਮੁਹੱਈਆ ਕਰੇਗੀ। ਟਰੂਡੋ ਨੇ ਨਿਊ ਬਰੁੱਸਵਿਕ ਵਿਚ ਸੇਂਟ ਐਂਡਰਿਊਜ਼ ਵਿਚ ਪੱਤਰਕਾਰਾਂ ਨੂੰ ਦੱਸਿਆ ਕਿ ਇਹ ਉਹ ਚੀਜ਼ਾਂ ਹਨ ਜਿਹੜੀਆਂ ਲੋਕਾਂ ਦੀ ਜ਼ਿੰਦਗੀ ਵਿਚ ਫਰਕ ਲਿਆ ਸਕਦੀਆਂ ਹਨ।

EVERSHINE FAMILY DENTISTRY
"Healthy beautiful Smiles"
Fillings, Extractions, Deep Cleaning, Crown and Bridge, Root Canals, Digital X-Rays
Practising for more than 11 years
111 - 7130 120 Street Surrey, BC V3W 3M8
(Near Guru Nanak Sikh Gurdwara) Located Ground Floor of Satnam Plaza
www.evershinedental.ca
604-593-6515

Dr. Anjanpal Kaur Bhalla

Get your Mortgage approved from the
CANADA'S TOP #26 MORTGAGE BROKER
2022 TOP 75 BROKERS CMP
• Purchase • Renewal • Refinance
• Construction & Farm Mortgages
4.18%* 5 Years Variable Closed *Conditions Apply.
GET CASH BACK UPTO $3,000*

RAJ GILL, AMP
604 564 1000
VANCOUVER
Unit 200-6330 Fraser St
@47 Ave & Fraser St
Our Symbol of Care & Service
Superior Mortgage
The Banking Alternative

SHARNJIT GILL, AMP
604 507 1000
SURREY
Unit 244 8138 128 St
www.quickapproval.ca
*Some conditions apply. Valid till 31 August, 2022

JJB INSURANCE
Sarban Singh Sidhu
604-507-6866
#1, 13791, 72 AVE, SURREY (NEAR FRUITICANA)
We Are Specialist In Setting Up New Prorate Co, Fleet, Cargo
Autoplan

| Dwelling | Contents | Liability | Annual Premium |
|---|---|---|---|
| 400,000 | 280,000 | 1,000,000 | 395 |
| 500,000 | 350,000 | 1,000,000 | 512 |
| 600,000 | 420,000 | 1,000,000 | 607 |
| 700,000 | 490,000 | 1,000,000 | 702 |


*RATES SUBJECT TO CHANGE WITHOUT ANY NOTICE
HOUSE INSURANCE UP TO 65% DISCOUNT AVAILABLE
THESE RATES INCLUDE:-
• REPLACEMENT COST ON DWELLING & CONTENTS
• SEWER BACKUP • CLAIM FREE DISCOUNT
• SENIOR / MORTGAGE FREE DISCOUNT
• HOME PROTECTION DISCOUNT
• NEW HOME DISCOUNT • DEDUCTIBLE DISCOUNT
Life • Critical • Disability • RRSP • RESP • Visitor • Super Visa
Ask for Special Rate for Super Visa Insurance
Money Back upon Visa Declined
• ਪਹਿਲੀ ਵਾਰ ਘਰ ਖ਼ਰੀਦਣ ਵਾਲਿਆਂ ਲਈ ਸਪੈਸ਼ਲ ਰੇਟ
• ਘਰਾਂ, ਕਾਰਾਂ, ਟਰੱਕਾਂ ਦੀ ਇੰਸ਼ੋਰੈਂਸ ਲਈ ਵਧੀਆ ਰੇਟ ਅਤੇ ਮਹੀਨੇਵਾਰ ਪੇਮੈਂਟ ਦੀ ਸਹੂਲਤ
Wawanesa Insurance
Call Us Before You Renew / Buy Any Insurance Lien & Accident Search Available

# ਯੂਨੀਵਰਸਿਟੀ ਆਫ ਵਿਕਟੋਰੀਆ ਵਿਚ ਵਿਦਿਆਰਥੀਆਂ ਦੀ ਗਿਣਤੀ ਆਸ ਨਾਲੋਂ ਘੱਟ




ਵਿਕਟੋਰੀਆ-ਅੰਤਰਰਾਸ਼ਟਰੀ ਸਟੱਡੀ ਪਰਮਿਟਾਂ ਦੀ ਸੰਘੀ ਪ੍ਰਕਿਰਿਆ ਵਿਚ ਦੇਰੀ ਕਾਰਨ ਯੂਨੀਵਰਸਿਟੀ ਆਫ ਵਿਕਟੋਰੀਆ ਤੇ ਦੂਸਰੀਆਂ ਪੋਸਟ ਸੈਕੰਡਰੀ ਸੰਸਥਾਵਾਂ ਵਿਚ ਵਿਦਿਆਰਥੀਆਂ ਦੇ ਦਾਖਲੇ ਘਟੇ ਹਨ। ਇਕ ਬਿਆਨ ਵਿਚ ਕਿਹਾ ਕਿ ਯੂਨੀਵਰਸਿਟੀ ਆਫ ਵਿਕਟੋਰੀਆ 22000 ਤੋਂ ਵੀ ਵੱਧ ਵਿਦਿਆਰਥੀਆਂ ਦਾ ਘਰ ਹੈ ਅਤੇ ਵਿਦਿਆਰਥੀਆਂ ਦੀ ਗਿਣਤੀ ਆਸ ਨਾਲੋਂ ਘੱਟ ਹੈ। ਵਿਦਿਆਰਥੀਆਂ ਦੀ ਗਿਣਤੀ ਘਟਣ ਪਿੱਛੋਂ ਕੋਵਿਡ-19 ਅਤੇ ਮਹਿੰਗਾਈ ਦਾ ਅਸਰ ਵੀ ਹਵਾਲਾ ਦਿੱਤਾ ਗਿਆ ਹੈ। ਯੂਨੀਵਰਸਿਟੀ ਆਫ ਵਿਕਟੋਰੀਆ ਦੇ ਪ੍ਰਧਾਨ ਕੇਵਿਨ ਹਾਲ ਨੇ ਸਟਾਫ ਨੂੰ ਇਕ ਪੱਤਰ ਵਿਚ ਕਿਹਾ ਕਿ ਸਥਿਤੀ ਸਾਡੇ ਟਿਊਸ਼ਨ ਰੈਵੀਨਿਊ ਬਾਰੇ ਕੁਝ ਚਿੰਤਾ ਪੈਦਾ ਕਰ ਰਹੀ ਹੈ। ਯੂਨੀਵਰਸਿਟੀ ਨੇ ਕਿਹਾ ਕਿ ਉਹ ਅਸਰ ਨੂੰ ਘੱਟ ਕਰਨ ਲਈ ਕਦਮ ਚੁੱਕ ਰਹੀ ਹੈ ਜਿਸ ਵਿਚ ਥੋੜੇ ਸਮੇਂ ਲਈ ਬਹੁਤ ਹੀ ਅਹਿਮ ਜਾਂ ਉੱਚੀ ਤਰਜੀਹ ਵਾਲੇ ਅਹੁਦਿਆਂ ਤੇ ਭਰਤੀ ਕਰਨਾ ਅਤੇ ਹੋਰ ਖਰਚਿਆਂ ਨੂੰ ਘਟਾਉਣ ਲਈ ਖੇਤਰਾਂ ਦੀ ਭਾਲ ਕਰਨਾ ਸ਼ਾਮਿਲ ਹੈ। ਯੂਨੀਵਰਸਿਟੀ ਆਫ ਵਿਕਟੋਰੀਆ ਸਟੂਡੈਂਟਸ ਸੁਸਾਇਟੀ ਦੀ ਬੁਲਾਰਨ ਇਜ਼ੀ ਅਡਾਚੀ ਨੇ ਕਿਹਾ ਕਿ ਉਸ ਨੇ ਘਰੇਲੂ ਵਿਦਿਆਰਥੀਆਂ ਦੇ ਪ੍ਰਭਾਵਤ ਹੋਣ ਬਾਰੇ ਕੁਝ ਨਹੀਂ ਸੁਣਿਆਂ ਪਰ ਉਸ ਨੂੰ ਪਤਾ ਹੈ ਕਿ ਉਹ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਥੋੜੀ ਗਿਣਤੀ ਵਿਚ ਆਉਣ ਤੋਂ ਚਿੰਤਤ ਹਨ। ਕੋਈ ਵਿਸ਼ੇਸ਼ ਅੰਕੜੇ ਉਪਲਬਧ ਨਹੀਂ ਪਰ ਯੂਨੀਵਰਸਿਟੀ ਨੇ ਦੋਵੇਂ ਘਰੇਲੂ ਤੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਗਿਣਤੀ ਥੋੜੀ ਘਟਣ ਬਾਰੇ ਜਾਣਕਾਰੀ ਦਿੱਤੀ ਹੈ।

# ਦੱਖਣੀ ਏਸ਼ੀਅਨ ਨੌਜਵਾਨਾਂ ਦੇ ਗਰੁੱਪ ਤੋਂ ਬਚਣ ਲਈ ਜਦੋਂ ਪੁਲਿਸ ਅਧਿਕਾਰੀ ਨੇ ਲਾਈਟਾਂ ਤੇ ਸਾਇਰਨ ਵਜਾਏ




ਸਰੀ-ਵੈਸਟ ਨਿਊਟਨ ਵਿਚ ਪਾਰਟੀ ਸਿਟੀ ਅਤੇ ਮੂਵੀ ਥੀਏਟਰ ਨੇੜੇ ਸਟਰਾਅਬੇਰੀ ਹਿਲ ਪਾਰਕਿੰਗ ਵਿਚ ਐਤਵਾਰ ਰਾਤ ਨੂੰ ਸਰੀ ਦੇ ਇਕ ਪੁਲਿਸ ਅਫਸਰ ਨੇ ਆਪਣੀ ਪੁਲਿਸ ਦੇ ਕਰੂਜ਼ਰ (ਮੋਟਰ ਗੱਡੀ) ਨੂੰ 9 ਦੱਖਣੀ ਏਸ਼ੀਅਨ ਨੌਜਵਾਨਾਂ ਦੇ ਗਰੁੱਪ ਜਿਸ ਨੇ ਉਸ ਦੀ ਨਿਸ਼ਾਨ ਰਹਿਤ ਕਾਰ ਨੂੰ ਘੇਰਾ ਪਾਇਆ ਹੋਇਆ ਸੀ ਤੋਂ ਕੱਢਣ ਲਈ ਆਪਣੀਆਂ ਲਾਈਟਾਂ 'ਤੇ ਸਾਇਰਨਾਂ ਨੂੰ ਚਾਲੂ ਕਰਨਾ ਪਿਆ। ਇਸ ਸਬੰਧੀ ਸੋਸ਼ਲ ਮੀਡੀਆ ਪਲੇਟਫਾਰਮ ਟਿਕ ਟੌਕ 'ਤੇ ਇਕ ਵੀਡੀਓ ਪੋਸਟ ਕੀਤੀ ਗਈ ਜਿਸ ਵਿਚ ਕੈਪਸ਼ਨ 'ਬੁਲੀ ਰੇਸਿਸਟ ਕੌਪ' ਅਤੇ ਇਸ ਸੰਦੇਸ਼ ਦੇ ਉਪਰ ਵਾਈਟ ਮਾਊਂਟੀ ਦਿਖਾਈ ਦੇ ਰਿਹਾ ਹੈ ਕਿ ਇਹ ਕਦੇ ਵੀ ਨਾ ਸੋਚੋ ਕਿ ਅੰਤਰਾਸ਼ਟਰੀ ਵਿਦਿਆਰਥੀਆਂ ਨੂੰ ਆਪਣੇ ਹੱਕਾਂ ਬਾਰੇ ਪਤਾ ਨਹੀਂ। ਇਹ ਵਿਅਕਤੀ ਉਸ ਦਾ ਨਾਂਅ ਤੇ ਬੈਜ ਨੰਬਰ ਪੁੱਛਦੇ ਹਨ। ਇਕ ਵਿਅਕਤੀ ਅਧਿਕਾਰੀ ਨੂੰ ਇਹ ਕਹਿੰਦਾ ਸੁਣਾਈ ਦਿੰਦਾ ਹੈ ਕਿ ਇਥੋਂ ਬਾਹਰ ਨਿਕਲੋ। ਇਕ ਹੋਰ ਵਾਰ ਵਾਰ ਕਹਿੰਦਾ ਹੈ ਕਿ ਇਸ ਵਿਅਕਤੀ ਨੇ ਉਸ ਨੂੰ ਮਾਰਿਆ ਹੈ। ਕੌਂਪਲ ਵਨੇਸਾ ਮੁਨ ਨੇ ਨਾਓ ਲੀਡਰ ਨੂੰ ਦੱਸਿਆ ਕਿ ਮਾਊਂਟੀ ਨੇ ਆਨ-ਸਾਈਟ ਸਕਿਉਰਟੀ ਤੋਂ ਸ਼ਿਕਾਇਤ ਦਾ ਵੀਡੀਓ ਵਿਚ ਜਵਾਬ ਦਿੱਤਾ ਹੈ ਕਿ ਪਾਰਕਿੰਗ ਵਿਚ ਉੱਚੀ ਆਵਾਜ਼ ਤੇ ਵਿਘਨ ਪਾਊ ਐਗਜ਼ਾਸਟ ਸਿਸਟਮ ਵਾਲੀ ਕਾਰ ਬੇਲੋੜੀ ਘੁੰਮ ਰਹੀ ਸੀ ਅਤੇ ਪਿਛਲੇ ਤਿੰਨ ਘੰਟਿਆਂ ਤੋਂ ਉਸ ਨੇ ਪ੍ਰੇਸ਼ਾਨ ਕੀਤਾ ਹੋਇਆ ਸੀ। ਇਕ ਵਿਅਕਤੀ ਨੂੰ ਟਿਕਟ ਦਿੱਤੀ ਗਈ ਅਤੇ ਮੋਟਰ ਗੱਡੀ ਦੀ ਜਾਂਚ ਲਈ ਨੋਟਿਸ ਤੇ ਆਰਡਰ ਦਿੱਤਾ ਗਿਆ ਸੀ। ਮੁਨ ਨੇ ਕਿਹਾ ਕਿ ਵੀਡੀਓ ਵਿਚ ਵਿਅਕਤੀਆਂ ਦਾ ਵਿਵਹਾਰ ਇਸ ਗੱਲ ਦੀ ਉਦਾਹਰਣ ਹੈ ਕਿ ਸਾਡੇ ਕੋਲ ਲੋਕਾਂ ਵਲੋਂ ਨੌਜਵਾਨਾਂ ਦੇ ਗਰੁੱਪ ਜਿਹੜਾ ਕੰਪਲੈਕਸ ਵਿਚ ਇਕੱਠਾ ਹੋਇਆ ਸੀ ਬਾਰੇ ਲਗਾਤਾਰ ਚਿੰਤਾ ਜ਼ਾਹਿਰ ਕੀਤੀ ਜਾ ਰਹੀ ਸੀ। ਉਨ੍ਹਾਂ ਕਿਹਾ ਕਿ ਜੇਕਰ ਤੁਸੀਂ ਮਹਿਸੂਸ ਕਰਦੇ ਹੋ ਕਿ ਤੁਹਾਨੂੰ ਗਲਤ ਤਰੀਕੇ ਨਾਲ ਟਿਕਟ ਦਿੱਤੀ ਗਈ ਤਾਂ ਟਿਕਟ ਖਿਲਾਫ ਕਾਨੂੰਨੀ ਕਾਰਵਾਈ ਦੀ ਪ੍ਰਕਿਰਿਆ ਹੈ ਜਿਸ ਬਾਰੇ ਟਿਕਟ ਦੇ ਪਿਛਲੇ ਪਾਸੇ ਸਪਸ਼ਟ ਰੂਪ ਵਿਚ ਲਿਖਿਆ ਗਿਆ ਹੈ। ਜੇਕਰ ਤੁਸੀਂ ਇਹ ਮਹਿਸੂਸ ਕਰਦੇ ਹੋ ਕਿ ਪੁਲਿਸ ਅਫਸਰ ਪੇਸ਼ਾਵਰ ਤਰੀਕੇ ਨਾਲ ਪੇਸ਼ ਨਹੀਂ ਆਇਆ ਤਾਂ ਸ਼ਿਕਾਇਤ ਕਰਨ ਦੀ ਪ੍ਰਕਿਰਿਆ ਹੈ ਪਰ ਇਕ ਪੁਲਿਸ ਮੋਟਰ ਗੱਡੀ ਦੇ ਜਾਣ ਵਿਚ ਵਿਘਨ ਪਾਉਣਾ ਕਿਉਂਕਿ ਤੁਸੀਂ ਟਿਕਟ ਕੱਟੇ ਜਾਣ ਤੋਂ ਨਿਰਾਸ਼ ਹੋ ਤਾਂ ਇਹ ਸਵੀਕਾਰਯੋਗ ਨਹੀਂ।

# ਬੀ.ਸੀ. ਸਰਕਾਰ ਵਲੋਂ 706 ਮਿਲੀਅਨ ਡਾਲਰ ਸਰਪਲੱਸ ਹੋਣ ਦੀ ਪੇਸ਼ੀਨਗੋਈ ਪਰ ਭਵਿੱਖ ਦੀਆਂ ਅਨਿਸ਼ਚਤਾਵਾਂ ਬਾਰੇ ਚਿਤਾਵਨੀ



ਵਿਕਟੋਰੀਆ-ਵਿੱਤ ਮੰਤਰੀ ਸੇਲੀਨਾ ਰੌਬਿਨਸਨ ਨੇ ਕਿਹਾ ਕਿ ਸੂਬਾ 2022-23 ਬਜਟ ਵਿਚ ਆਸ ਨਾਲੋਂ ਜ਼ਿਆਦਾ 5.4 ਅਰਬ ਡਾਲਰ ਦੇ ਕਰ ਮਾਲੀਏ ਅਤੇ ਕੁਦਰਤੀ ਵਸੀਲਿਆਂ ਦੇ ਉੱਚੀਆਂ ਕੀਮਤਾਂ ਤੋਂ ਮਿਲਣ ਵਾਲੇ 3.9 ਅਰਬ ਡਾਲਰ ਦੀ ਆਮਦਨ ਨਾਲ ਆਪਣੇ 2022-23 ਦੇ ਬਜਟ ਵਿਚ 706 ਮਿਲੀਅਨ ਡਾਲਰ ਦੇ ਸਰਪਲੱਸ ਤੱਕ ਪਹੁੰਚ ਜਾਵੇਗਾ। ਰੌਬਿਨਸਨ ਨੇ ਅੱਗੇ ਕਿਹਾ ਕਿ ਬ੍ਰਿਟਿਸ਼ ਕੋਲੰਬੀਆ ਨੂੰ ਆਸ ਨਾਲੋਂ ਵੱਧ ਮਜ਼ਬੂਤ ਵਿੱਤੀ ਸਥਿਤੀ ਨੇ ਸਰਕਾਰੀ ਖੇਤਰ ਦੀਆਂ ਯੂਨੀਅਨਾਂ ਨਾਲ ਇਕਰਾਰਨਾਮਿਆਂ ਨੂੰ ਕਵਰ ਕਰਨ ਵਿਚ ਸਹਾਇਤਾ ਮਿਲੇਗੀ ਅਤੇ ਹਾਲ ਹੀ ਵਿਚ ਕਾਰਬਨ ਟੈਕਸ ਕ੍ਰੈਡਿਟਸ ਅਤੇ ਬੀਸੀ ਫੈਮਿਲੀ ਬੈਨੀਫਿਟ ਭੁਗਤਾਨ ਵਿਚ ਵਾਧੇ ਦੇ ਐਲਾਨ ਨਾਲ ਵਾਧੂ ਮਹਿੰਗਾਈ ਤੋਂ ਰਾਹਤ ਮਿਲੇਗੀ। ਰੌਬਿਨਸਨ ਨੇ ਕਿਹਾ ਕਿ ਪਹਿਲੀ ਤਿਮਾਹੀ ਵਿੱਤੀ ਰਿਪੋਰਟ ਇਸ ਗੱਲ ਦੀ ਪੁਸ਼ਟੀ ਕਰਦੀ ਹੈ ਕਿ ਬ੍ਰਿਟਿਸ਼ ਕੋਲੰਬੀਆ ਮਹਿੰਗਾਈ ਅਤੇ ਵੱਧ ਰਹੀਆਂ ਵਿਆਜ ਦਰਾਂ ਨਾਲ ਪੈਦਾ ਹੋ ਰਹੇ ਵਿਸ਼ਵ ਆਰਥਿਕ ਸੰਕਟਾਂ ਕਾਰਨ ਲੋਕਾਂ ਦੀ ਸਹਾਇਤਾ ਜਾਰੀ ਰੱਖਣ ਲਈ ਬਿਹਤਰ ਸਥਿਤੀ ਵਿਚ ਹੈ। ਵਿੱਤ ਮੰਤਰੀ ਨੇ ਅੱਗੇ ਕਿਹਾ ਕਿ ਸਾਨੂੰ ਇਹ ਵੀ ਯਾਦ ਰੱਖਣਾ ਜ਼ਰੂਰੀ ਹੈ ਕਿ ਮਹਾਂਮਾਰੀ ਖਤਮ ਨਹੀਂ ਹੋਈ। ਸਾਡੀਆਂ ਭਵਿੱਖਬਾਣੀਆਂ ਅਨਿਸ਼ਚਿਤਾਵਾਂ ਅਤੇ ਲੋਕਾਂ ਨੂੰ ਲੋੜੀਂਦੀਆਂ ਸੇਵਾਵਾਂ ਵਿਚ ਨਿਵੇਸ਼ ਕਰਨਾ ਜਾਰੀ ਰੱਖਣ ਦੀ ਲੋੜ ਨੂੰ ਪਛਾਣਦੀਆਂ ਹਨ। ਉਧਰ ਵਿਰੋਧੀ ਧਿਰ ਨੇ ਦਲੀਲ ਦਿੱਤੀ ਕਿ ਸਰਕਾਰ ਵਲੋਂ ਪੇਸ਼ ਕੀਤੇ ਚਮਕਦਾਰ ਵਿੱਤੀ ਨਤੀਜੇ ਵੀ ਮਹਿੰਗਾਈ 'ਤੇ ਨਿਰਭਰ ਕਰਦੇ ਹਨ ਜਿਵੇਂ ਕੁਦਰਤੀ ਗੈਸ ਦੀਆਂ ਉੱਚ ਕੀਮਤਾਂ ਤੇ ਵਾਧੂ ਟੈਕਸ ਜਿਹੜੇ ਅਸਲ ਵਿਚ ਬ੍ਰਿਟਿਸ਼ ਕੋਲੰਬੀਆ ਵਾਸੀਆਂ ਦੀਆਂ ਜੇਬਾਂ ਨੂੰ ਢਿੱਲਾ ਕਰ ਰਹੇ ਹਨ।

DAY AND NIGHT LABOUR LTD.

ਗਰੀਨ ਹਾਊਸ ਵਰਕਰਾਂ ਦੀ ਲੋੜ



• ਸਾਨੂੰ ਗਰੀਨ ਹਾਊਸ ਵਿਚ ਗਰੇਡਿੰਗ ਅਤੇ ਪੈਕਿੰਗ ਕਰਨ ਲਈ ਵਰਕਰਾਂ ਦੀ ਲੋੜ ਹੈ।
• ਸਿਰਫ ਕੈਨੇਡੀਅਨ ਸਿਟੀਜ਼ਨ, ਪੀ.ਆਰ. ਹੋਲਡਰ ਅਤੇ ਓਪਨ ਵਰਕ ਪਰਮਿਟ ਵਾਲੇ ਹੀ ਸੰਪਰਕ ਕਰਨ।
• ਵਧੀਆ ਤਨਖਾਹ ਦਿੱਤੀ ਜਾਵੇਗੀ।
• ਸਰੀ, ਡੈਲਟਾ ਤੋਂ ਘਰੋਂ ਲਿਜਾਣ ਅਤੇ ਛੱਡਣ ਲਈ ਫਰੀ ਰਾਈਡ ਦਾ ਪ੍ਰਬੰਧ।
• ਸਾਨੂੰ ਨਰਸਰੀ ਵਰਕਰਾਂ ਦੀ ਵੀ ਲੋੜ ਹੈ।

ਅੱਜ ਹੀ ਸੰਪਰਕ ਕਰੋ:
ਸੰਨੀ ਸੰਧਰ 604-727-2421

ਸੰਪਾਦਕੀ

# ਗੁਰਦਾਸ ਮਾਨ ਦਾ ਵੀਡੀਓ ਸਪੱਸ਼ਟੀਕਰਣ-ਗਲਤੀ ਦਾ ਦੁਹਰਾਓ...

**ਸੁਖਵਿੰਦਰ ਸਿੰਘ ਚੋਹਲਾ**

ਪ੍ਰਸਿੱਧ ਪੰਜਾਬੀ ਗਾਇਕ ਗੁਰਦਾਸ ਮਾਨ ਆਪਣੇ ਇਕ ਨਵੇਂ ਵੀਡੀਓ ਟਰੈਕ "ਗੱਲ ਸੁਣੋ ਪੰਜਾਬੀ ਦੋਸਤੋਂ" ਨਾਲ ਮੁੜ ਵਿਵਾਦਿਤ ਚਰਚਾ ਵਿਚ ਹੈ। ਇਹ ਚਰਚਾ ਉਸਨੇ ਖੁਦ ਛੇੜੀ ਹੈ। ਇਸ ਚਰਚਾ ਰਾਹੀਂ ਉਹ ਲਗਪਗ ਤਿੰਨ ਸਾਲ ( 21 ਸਤੰਬਰ 2019) ਪਹਿਲਾਂ ਐਬਟਸਫੋਰਡ ਵਿਚ ਇਕ ਸ਼ੋਅ ਦੌਰਾਨ ਇਕ ਪੰਜਾਬੀ ਪਿਆਰੇ ਪ੍ਰਦਰਸ਼ਨਕਾਰੀ ਪ੍ਰਤੀ ਬੋਲੇ ਗਏ ਅਪਸ਼ਬਦਾਂ ਦੀ ਤੁਲਾਫੀ ਦੀ ਬਿਜਾਏ ਖੁਦ ਨੂੰ ਸੱਚਾ ਸਾਬਿਤ ਕਰਨ ਦੀ ਕੋਸ਼ਿਸ਼ ਵਿਚ ਹੈ। ਲਗਪਗ 8 ਮਿੰਟ ਦੀ ਇਸ ਵੀਡੀਓ ਜਿਸ ਨੂੰ ਗੁਰਦਾਸ ਮਾਨ ਦਾ ਨਵਾਂ ਗੀਤ ਦੱਸਿਆ ਜਾ ਰਿਹਾ ਹੈ, ਬਲਕਿ ਕੋਈ ਗੀਤ ਨਹੀ ਬਲਕਿ ਵੀਡੀਓਗ੍ਰਾਫੀ ਜ਼ਰੀਏ ਸਪੱਸ਼ਟੀਕਰਣ ਕਿਹਾ ਜਾ ਸਕਦਾ ਹੈ। ਪਰ ਇਸ ਵੀਡੀਓਗ੍ਰਾਫੀ ਰਾਹੀਂ ਗੁਰਦਾਸ ਮਾਨ ਆਪਣੇ ਨਾਲ ਜੁੜੇ ਵਿਵਾਦ ਚੋ ਨਿਕਲਣ ਦੀ ਥਾਂ ਹੋਰ ਉਲਝਦਾ ਦਿਖਾਈ ਦੇ ਰਿਹਾ ਹੈ। ਜ਼ਿਕਰਯੋਗ ਹੈ ਕਿ ਇਸ ਵਿਵਾਦ ਦਾ ਸਬੰਧ ਭਾਰਤ ਵਿਚ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਵਲੋਂ ਇਕ ਦੇਸ਼ ਇਕ ਭਾਸ਼ਾ ਦੇ ਨਾਮ ਹੇਠ ਚਲਾਈ ਗਈ ਮੁਹਿੰਮ ਦਾ ਗੁਰਦਾਸ ਮਾਨ ਵਲੋਂ ਸਮਰਥਨ ਕੀਤੇ ਜਾਣ ਨਾਲ ਜੁੜਦਾ ਹੈ। ਕੋਵਿਡ ਮਹਾਂਮਾਰੀ ਤੋ ਪਹਿਲਾਂ ਗੁਰਦਾਸ ਮਾਨ ਨੇ ਕੈਨੇਡਾ ਦੌਰੇ ਦੌਰਾਨ ਇਕ ਰੇਡੀਓ ਚੈਨਲ ਨੂੰ ਇੰਟਰਵਿਊ ਦੌਰਾਨ ਭਾਰਤੀ ਜਨਤਾ ਪਾਰਟੀ ਦੀ ਰਾਸ਼ਟਰਵਾਦੀ ਮੁਹਿੰਮ ਨੂੰ ਹੁੰਗਾਰਾ ਦਿੰਦਿਆਂ ਪੰਜਾਬੀ ਦੇ ਨਾਲ ਹਿੰਦੀ ਭਾਸ਼ਾ ਨੂੰ ਇਕ ਕੌਮੀ ਭਾਸ਼ਾ ਵਜੋ ਅਪਣਾਏ ਜਾਣ ਦੀ ਗੱਲ ਕੀਤੀ ਸੀ। ਉਹਨਾਂ ਦੀ ਹਿੰਦੀ ਭਾਸ਼ਾ ਦੇ ਹੱਕ ਵਿਚ ਇਸ ਟਿਪਣੀ ਉਪਰੰਤ ਐਬਟਸਫੋਰਡ ਵਿਚ ਉਹਨਾਂ ਦੇ ਚਲਦੇ ਸ਼ੋਅ ਦੌਰਾਨ ਇਕ ਪੰਜਾਬੀ ਲੇਖਕ ਵਲੋਂ ਪੰਜਾਬੀ ਬੋਲੀ ਦੇ ਸਨਮਾਨ ਵਿਚ ਤਖਤੀ ਫੜਕੇ ਰੋਸ ਪ੍ਰਦਰਸ਼ਨ ਕੀਤਾ ਸੀ। ਇਸ ਮੌਕੇ ਗੁਰਦਾਸ ਮਾਨ ਵਲੋਂ ਆਪਣੇ ਸ਼ੋਅ ਦੌਰਾਨ ਪ੍ਰਦਰਸ਼ਨਕਾਰੀ ਨੂੰ ਅਜਿਹੀ ਗੱਲ ਬੋਲ ਦਿੱਤੀ ਜਿਸਦੀ ਕੋਈ ਤਵੱਕੋ ਨਹੀ ਕਰ ਸੀ ਕਰ ਸਕਦਾ। ਪੰਜਾਬੀ ਲੋਕ ਜਿਸ ਗੁਰਦਾਸ ਮਾਨ ਨੂੰ ਪੰਜਾਬੀਆਂ ਦਾ ਮਾਣ ਕਰਕੇ ਜਾਣਦੇ ਰਹੇ ਹਨ, ਉਸ ਵਲੋ ਪੰਜਾਬੀ ਦੇ ਹੱਕ ਵਿਚ ਲਿਖੇ ਪੋਸਟਰ ਨੂੰ ਬੱਤੀ ਬਣਾਕੇ ਪਿਛਵਾੜੇ ਲੈਣ ਦੀ ਹਿਮਾਕਤ ਭਰੀ ਟਿਪਣੀ ਨੂੰ ਸੁਣਕੇ ਹਰ ਕੋਈ ਅਵਾਕ ਰਹਿ ਗਿਆ ਸੀ। ਭਾਵੇਂਕਿ ਗੁਰਦਾਸ ਮਾਨ ਦੇ ਸਮਰਥਕਾਂ ਨੇ ਉਸਦੀ ਟਿਪਣੀ ਨੂੰ ਜਾਇਜ਼ ਠਹਿਰਾਉਣ ਦੇ ਕਈ ਯਤਨ ਕੀਤੇ ਪਰ ਖੁਦ ਗੁਰਦਾਸ ਮਾਨ ਨੇ ਇਸ ਘਟਨਾ ਨੂੰ ਗੁੱਸੇ ਵਿਚ ਹੋਈ ਗਲਤੀ ਸਵੀਕਾਰ ਲਿਆ ਸੀ। ਪਰ ਇਸਦੇ ਨਾਲ ਹੀ ਉਹ ਹਿੰਦੀ ਨੂੰ ਇਕ ਰਾਸ਼ਟਰ ਭਾਸ਼ਾ ਬਣਾਏ ਜਾਣ ਦੀ ਵਕਾਲਤ ਕਰਦੇ ਰਹੇ। ਆਮ ਲੋਕਾਂ ਦਾ ਇਹ ਖਿਆਲ ਸੀ ਕਿ ਗੁਰਦਾਸ ਮਾਨ ਹਿੰਦੀ ਭਾਸ਼ਾ ਦੇ ਹੱਕ ਵਿਚ ਬਿਆਨ ਦੇਕੇ ਭਾਜਪਾ ਸਰਕਾਰ ਕੋਲੋਂ ਕਿਸੇ ਸਿਆਸੀ ਅਹੁਦੇ ਦੀ ਲਾਲਸਾ ਪਾਲ ਰਹੇ ਹਨ ਜਾਂ ਹੋਰ ਕਲਾਕਾਰਾਂ ਵਾਂਗ ਭਾਜਪਾ ਵਿਚ ਸ਼ਾਮਿਲ ਹੋਕੇ ਸਿਆਸਤ ਦੇ ਪਿੜ ਵਿਚ ਕੁੱਦਣ ਦੀ ਸੋਚ ਰਹੇ ਹਨ। ਪਰ ਅਜੇ ਤੱਕ ਅਜਿਹੀ ਕੁਝ ਨਹੀ ਵਾਪਰਿਆ ਪਰ ਇਸ ਦੌਰਾਨ ਗੁਰਦਾਸ ਮਾਨ ਦਾ ਪੰਜਾਬੀਆਂ ਦੇ ਮਨਾਂ ਵਿਚ ਜੋ ਮਾਣ ਸਤਿਕਾਰ ਸੀ, ਉਸਨੂੰ ਅਸਰਅੰਦਾਜ਼ ਹੁੰਦੇ ਜ਼ਰੂਰ ਵੇਖਿਆ ਗਿਆ। ਇਸਦੀ ਪ੍ਰਤੱਖ ਮਿਸਾਲ ਕਿਸਾਨ ਅੰਦੋਲਨ ਦੌਰਾਨ ਉਦੋਂ ਵੇਖਣ ਨੂੰ ਮਿਲੀ ਜਦ ਉਹ ਕਿਸਾਨ ਅੰਦੋਲਨ ਦੌਰਾਨ ਦਿੱਲੀ ਕਿਸਾਨ ਮੋਰਚੇ ਦੇ ਸਮਰਥਨ ਲਈ ਪੁੱਜੇ। ਅੰਦੋਲਨਾਕਾਰੀਆਂ ਵਿਚ ਕਈ ਘੰਟੇ ਬੈਠੇ ਰਹੇ



ਪਰ ਕਿਸਾਨ ਆਗੂਆਂ ਨੇ ਉਹਨਾਂ ਨੂੰ ਮੰਚ ਉਪਰ ਆਉਣ ਦੀ ਇਜਾਜ਼ਤ ਨਾ ਦਿੱਤੀ। ਉਹ ਕਿਸਾਨ ਮੋਰਚੇ ਤੋ ਬੁਰੀ ਤਰਾਂ ਲੱਜਿਤ ਮਹਿਸੂਸ ਹੁੰਦਿਆਂ ਵਾਪਸ ਪਰਤੇ। ਗੁਰਦਾਸ ਮਾਨ ਦਾ ਬਹੁਗਿਣਤੀ ਲੋਕ ਮਨਾਂ ਤੋ ਦੂਰ ਹੋਣ ਦਾ ਕਾਰਣ ਇਕੱਲਾ ਹਿੰਦੀ ਭਾਸ਼ਾ ਤੇ ਰਾਸ਼ਟਰਵਾਦੀ ਸੋਚ ਦਾ ਸਮਰਥਨ ਕੀਤਾ ਜਾਣਾ ਹੀ ਨਹੀ ਬਲਕਿ ਉਸ ਵਲੋ ਨਕੋਦਰ ਵਾਲੇ ਸਾਂਈ ਤੇ ਮਾਈ ਦੀਆਂ ਸਿਫਤਾਂ ਤੇ ਡੇਰਾਵਾਦ ਦੇ ਪ੍ਰਚਾਰ ਵਿਚ ਯੋਗਦਾਨ ਪਾਏ ਜਾਣ ਵਜੋ ਕਿਹਾ ਜਾ ਸਕਦਾ ਹੈ। ਪੰਜਾਬ ਦੇ ਸਿੱਖ ਮਨਾਂ ਨੂੰ ਸ਼ਾਇਦ ਇਹ ਹਰਗਿਜ਼ ਮਨਜੂਰ ਨਹੀ ਕਿ "ਸਰਬੰਸ ਦਾਨੀਆਂ ਵੇ ਦੇਣਾ ਕੌਣ ਦੇਊਗਾ ਤੇਰਾ" ਵਰਗਾ ਮਹਾਨ ਗੀਤ ਗਾਉਣ ਵਾਲਾ ਗਾਇਕ ਮੜੀ ਮਸਾਣਾਂ ਉਪਰ ਮੱਥੇ ਰਗੜਦੇ ਫਿਰੇ ਤੇ ਨੌਜਵਾਨ ਪੀੜੀ ਅੱਗੇ ਡੇਰਾਵਾਦ ਦੀ ਉਸਤਿਤ ਪ੍ਰਸਤੁਤ ਕਰੇ। ਪੰਜਾਬੀ ਮਨ ਗੁਰਦਾਸ ਮਾਨ ਵਰਗੇ ਗਾਇਕ ਤੋਂ ਨੌਜਵਾਨ ਪੀੜੀ ਨੂੰ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੇ ਨਾਲ ਸਿੱਖ ਵਿਰਸੇ ਨਾਲ ਜੁੜਨ ਦੀ ਪ੍ਰੇਰਨਾ ਦੀ ਤਵੱਕੋਂ ਤਾਂ ਕਰ ਸਕਦਾ ਹੈ ਪਰ ਪੰਜਾਬੀਅਤ ਤੇ ਸਿੱਖ ਵਿਰਸੇ ਲਈ ਚੁਣੌਤੀ ਬਣ ਰਹੇ ਡੇਰਾਵਾਦ ਨੂੰ ਉਤਸ਼ਾਹਿਤ ਕੀਤੇ ਜਾਣ ਦੀ ਮੁਹਿੰਮ ਵਿਚ ਸਹਾਈ ਹੋਣ ਨੂੰ ਕਦੇ ਬਰਦਾਸ਼ਤ ਨਹੀ ਕਰਦਾ। ਕਿਸੇ ਡੇਰੇ ਜਾਂ ਮਜਾਰ ਪ੍ਰਤੀ ਸ਼ਰਧਾ ਜਾਂ ਆਸਥਾ ਗੁਰਦਾਸ ਮਾਨ ਦਾ ਨਿੱਜੀ ਮਾਮਲਾ ਤਾਂ ਹੋ ਸਕਦਾ ਹੈ ਪਰ ਆਪਣੀ ਇਸ ਆਸਥਾ ਨੂੰ ਪੰਜਾਬੀਅਤ ਜਾਂ ਗੁਰੂ ਆਸ਼ੇ ਨਾਲ ਜੋੜਨ ਦੀ ਕੋਸ਼ਿਸ਼ ਕਿਸੇ ਵੀ ਤਰਾਂ ਸਹਿਣਯੋਗ ਨਹੀ। ਸ਼ਾਇਦ ਇਸੇ ਕੋਸ਼ਿਸ਼ ਤਹਿਤ ਉਹ ਨਕੋਦਰ ਵਾਲੇ ਸਾਈਂ ਲਾਡੀ ਸ਼ਾਹ ਨੂੰ ਤੀਸਰੀ ਪਾਤਸ਼ਾਹੀ ਗੁਰੂ ਅਮਰਦਾਸ ਜੀ ਦੇ ਖਾਨਦਾਨ ਨਾਲ ਜੋੜਨ ਦੀ ਗੱਲ ਕਰਕੇ ਸਿੱਖ ਆਵਾਮ ਦੀ ਨਾਰਾਜ਼ਗੀ ਸਹੇੜ ਚੁੱਕੇ ਹਨ। ਆਪਣੇ ਤਾਜ਼ਾ ਵੀਡੀਓ ਟਰੈਕ ਰਾਹੀਂ ਗੁਰਦਾਸ ਮਾਨ ਖੁਦ ਨੂੰ ਪੰਜਾਬੀ ਮਾਂ ਬੋਲੀ ਦਾ ਪਹਿਰੇਦਾਰ ਹੋਣ ਦਾ ਮਾਣ ਲੈਂਦਿਆਂ ਇਹ ਕਹਿਣ ਦਾ ਯਤਨ ਕਰ ਰਿਹਾ ਹੈ ਕਿ ਉਸਨੇ ਬੀਤੇ ਵਿਚ ਇਕ ਪੰਜਾਬੀ ਸਮਰਥਕ ਨੂੰ ਜੋ ਅਪਸ਼ਬਦ ਬੋਲੇ, ਉਸਨੂੰ ਮਾਂ ਬੋਲੀ ਦਾ ਗੱਦਾਰ ਹੋਣ ਦੇ ਮਿਹਣੇ ਨੂੰ ਬਰਦਾਸ਼ਤ ਨਾ ਕੀਤੇ ਜਾਣ ਦੇ ਪ੍ਰਤੀਕਰਮ ਵਜੋ ਖੂਹ ਦੀ ਆਵਾਜ਼ ਵਾਂਗ ਸਨ। ਪਰ ਸ਼ਾਇਦ ਅਜਿਹਾ ਕਰਦਿਆਂ ਉਹ ਆਪਣੀ ਗਲਤੀ ਨੂੰ ਸੁਧਾਰਨ ਦੀ ਥਾਂ ਇਕ ਹੋਰ ਗਲਤੀ ਕਰ ਰਹੇ ਹਨ। ਉਹਨਾਂ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਗੁਰਾਂ ਦੇ ਨਾਮ ਤੇ ਵਸਦੇ ਪੰਜਾਬ ਦੀ ਬੋਲੀ, ਸਭਿਆਚਾਰ ਤੇ ਵਿਰਸੇ ਨੂੰ ਪ੍ਰਨਾਏ ਪੰਜਾਬੀਆਂ ਨੂੰ ਨਫਰਤ ਜਾਂ ਗੁੱਸੇ ਦੀ ਥਾਂ ਪਿਆਰ ਤੇ ਨਿਮਰਤਾ ਨਾਲ ਹੀ ਜਿੱਤਿਆ ਜਾ ਸਕਦਾ ਹੈ। ਗੁੱਸੇ ਵਿਚ ਕੱਢੀ ਗਾਲ ਜਾਂ ਜੁਬਾਨੋ ਨਿਕਲੇ ਅਪਸ਼ਬਦਾਂ ਦੀ ਤੁਲਾਫੀ ਲਈ ਮੁਆਫੀ ਜਾਂ ਜੋਦੜੀ ਹੀ ਇਕੋ ਇਕ ਰਾਹ ਹੈ।

**ਫਰੀਦਾ ਜੋ ਤੈ ਮਾਰਨਿ ਮੁਕੀਆਂ ਤਿਨਾ ਨਾ ਮਾਰੇ ਘੁੰਮਿ,**
**ਆਪਨੜੈ ਘਰਿ ਜਾਈਐ ਪੈਰ ਤਿਨਾ ਦੇ ਚੁੰਮਿ।।**


UNI GLOBAL IMMIGRATION
CONSULTING SERVICES LTD.
Your Dream......Our Passion
For All Your Immigration Related Needs
• Express Entry (PR)
• FSW, FST
• Canadian Experience Class
• LMIA & Work Permit
• PNP
• Spousal (Marriage) Sponsorship
• Business (Investor) Visa
• Study Visa
• Care-giver (Nanny)
• Visitor Visa
• Super Visa
• Citizenship Application
• Refusal Cases
• IEC
We also help employers in hiring temporary foreign workers(TFW). We help employers in each and every step of acquiring Temporary Foreign Workers
Tel: 604-338-4975
604-507-9962
#12387 - 75 Ave., Surrey BC V3W 2S7
Email: contactuniglobal@gmail.com



ACTIVE INSURANCE
Trusted Name In the Community
ਹਰ ਤਰ੍ਹਾਂ ਦੀ ਇੰਸ਼ੋਰੈਂਸ ਦੀ ਜ਼ਰੂਰਤ ਲਈ
• ਕਾਰ • ਟਰੱਕ
• ਘਰਾਂ ਦੀ ਇੰਸ਼ੋਰੈਂਸ
• ਬਿਜ਼ਨੈਸ • ਟਰੈਵਲ
YOUR NEIGHBOURHOOD AUTOPLAN
OPEN 7 DAYS A WEEK
KHALSA BUSINESS CENTRE
# 103 - 8334 - 128th St.,
604-501-7878
VANCOUVER OFFICE:
London Sq. 200-3340 Kingsway
604-437-7878
OPEN 6 DAYS A WEEK
Hours: Mon-Fri: 9:00am to 7:00pm
Saturday 10:00am to 5:00pm
SULLIVAN CENTER:
#108-14340-64th Ave., Surrey
604-593-8899
Tarlok (Tony) Chandi
778-858-7878
Arjun Singh
604.760.3661

# 4,32,000 ਪ੍ਰਵਾਸੀਆਂ ਦਾ ਸਵਾਗਤ ਕਰਨ ਦੇ ਰਾਹ 'ਤੇ ਕੈਨੇਡਾ

ਓਟਵਾ-ਇਮੀਗ੍ਰੇਸ਼ਨ ਮੰਤਰੀ ਸੀਨ ਫ੍ਰੇਜ਼ਰ ਨੇ ਹਾਲ ਹੀ ਵਿਚ ਕਿਹਾ ਸੀ ਕਿ 2022 ਦੇ ਅਖੀਰ ਤਕ ਕੈਨੇਡਾ ਇਕ ਸਾਲ ਵਿਚ 405330 ਪ੍ਰਵਾਸੀਆਂ ਦੇ ਆਪਣੇ ਮੌਜੂਦਾ ਰਿਕਾਰਡ ਨੂੰ ਤੋੜ ਦੇਵੇਗਾ। ਜੂਨ ਦੇ ਅਖੀਰ ਤਕ ਕੈਨੇਡਾ 2022 ਵਿਚ 300000 ਨਵੇਂ ਸਥਾਈ ਪ੍ਰਵਾਸੀਆਂ ਦਾ ਪਹਿਲਾਂ ਹੀ ਸਵਾਗਤ ਕਰ ਚੁੱਕਾ ਹੈ। ਇਸ ਸਾਲ ਹੁਣ ਤਕ ਕੈਨੇਡਾ ਨੇ ਐਕਸਪ੍ਰੈੱਸ ਐਂਟਰੀ ਰਾਹੀਂ 40785 ਪ੍ਰਵਾਸੀਆਂ ਦਾ ਸਵਾਗਤ ਕੀਤਾ ਹੈ। ਜੇਕਰ ਇਮੀਗ੍ਰੇਸ਼ਨ ਮੌਜੂਦਾ ਰਫ਼ਤਾਰ ਨਾਲ ਚਲਦੀ ਰਹੀ ਤਾਂ ਉਪਰੋਕਤ ਅੰਕੜੇ ਸੰਭਵ ਹਨ ਅਤੇ ਕੈਨੇਡਾ ਦਾ 2022 ਦਾ ਇਮੀਗ੍ਰੇਸ਼ਨ ਲੈਵਲਜ਼ ਪਲੈਨ 432000 ਦੇ ਨਿਸ਼ਾਨੇ ਨੂੰ ਪਾਰ ਕਰ ਸਕਦਾ ਹੈ। ਇਨ੍ਹਾਂ ਅੰਕੜਿਆਂ ਤਕ ਪਹੁੰਚਣ ਲਈ ਆਈਆਰਸੀਸੀ ਨੇ ਅਰਜ਼ੀ ਪ੍ਰਕਿਰਿਆ ਨੂੰ 100 ਫ਼ੀਸਦੀ ਡਿਜੀਟਲ ਬਣਾਉਣ ਅਤੇ 1250 ਨਵੇਂ ਸਟਾਫ ਮੈਂਬਰ ਭਰਤੀ ਕਰਨ ਵਰਗੇ ਕਦਮ ਚੁੱਕੇ ਹਨ। ਕੈਨੇਡਾ ਇਤਿਹਾਸਕ ਤੌਰ 'ਤੇ ਘੱਟ ਬੇਰੋਜ਼ਗਾਰੀ ਦੀ ਦਰ ਅਤੇ 10 ਲੱਖ ਤੋਂ ਵੀ ਵੱਧ ਨੌਕਰੀਆਂ ਦੀਆਂ ਅਸਾਮੀਆਂ ਨਾਲ ਨਜਿੱਠਣ ਲਈ ਜ਼ਿਆਦਾ ਇਮੀਗ੍ਰੇਸਨ 'ਤੇ ਜ਼ੋਰ ਦੇ ਰਿਹਾ ਹੈ।

# ਸਰੀ ਵੈਲੀ ਵਿਚ ਕਬੱਡੀ ਦਾ ਮੈਦਾਨ ਬਣਾਉਣ ਦਾ ਐਲਾਨ

ਸਰੀ-ਸਰੀ ਵਿਚ ਚੋਣਾਂ ਤੋਂ ਪਹਿਲਾਂ ਸ਼ਾਨਦਾਰ ਘਟਨਾਵਾਂ ਦੇ ਤਾਜ਼ਾ ਐਲਾਨ ਮੁਤਾਬਿਕ ਨੌਰਥ ਸਰੀ ਆਊਟਡੋਰ ਸਪੋਰਟ ਕੰਪਲੈਕਸ ਨੇੜੇ ਬਲੀਚਰਾਂ ਵਾਲਾ ਕਬੱਡੀ ਦਾ ਮੈਦਾਨ ਉਸਾਰਿਆ ਜਾਵੇਗਾ। ਜੁਲਾਈ ਵਿਚ ਸਰੀ ਕੌਂਸਲ ਨੂੰ ਕਾਰਪੋਰੇਟ ਵਲੋਂ ਕੀਤੀ ਰਿਪੋਰਟ ਮੁਤਾਬਿਕ 3.7 ਮਿਲੀਅਨ ਡਾਲਰ ਦੀ ਲਾਗਤ ਨਾਲ ਉਸਾਰੀ ਜਾ ਰਹੀ ਆਊਟਡੋਰ ਸਪੋਰਟ ਫੈਸਿਲਟੀ ਵਿਚ ਘਾਹ ਦਾ ਮੈਦਾਨ, ਬਲੀਚਰਜ਼ ਅਤੇ ਫੀਲਡਹਾਊਸ ਸ਼ਾਮਿਲ ਹੋਣਗੇ। ਇਹ ਕੰਪਲੈਕਸ 12626 110 ਐਵੀਨਿਊ 'ਤੇ ਸਕਾਟ ਰੋਡ ਸਕਾਈਟ੍ਰੇਨ ਸਟੇਸ਼ਨ ਦੇ ਦੱਖਣ ਪੂਰਬ, ਉੱਤਰਪੂਰਬ ਵਿਚ ਨੌਰਥ ਸਰੀ ਸਪੋਰਟ ਐਂਡ ਆਈਸ ਕੰਪਲੈਕਸ ਤੋਂ ਸੜਕ ਦੇ ਪਾਰ ਬਣਾਇਆ ਜਾਵੇਗਾ। ਨਵੀਂ ਫੈਸਿਲਟੀ ਦੀ ਸਾਈਟ ਯੋਜਨਾ ਮੁਤਾਬਿਕ ਇਸ ਦੀ 2520 ਸੀਟਾਂ ਦੀ ਸਮਰੱਥਾ ਹੋਵੇਗੀ ਅਤੇ ਕੁਲ 40 ਪਾਰਕਿੰਗ ਸਪੇਸ ਹੋਣਗੇ ਜਿਸ ਵਿਚ ਮੋਟਰ ਗੱਡੀਆਂ 126ਏ ਸਟਰੀਟ ਤੋਂ ਦਾਖਲ ਹੋਣਗੀਆਂ। ਭਾਰਤ ਤੇ ਆਲੇ ਦੁਆਲੇ ਦੇ ਦੇਸ਼ਾਂ ਵਿਚ ਮਸ਼ਹੂਰ ਕਬੱਡੀ ਕੁਸ਼ਤੀ ਵਰਗੀ ਖੇਡ ਹੈ ਜਿਹੜੀ ਗੋਲਾਕਾਰ ਮੈਦਾਨ ਵਿਚ ਖੇਡੀ ਜਾਂਦੀ ਹੈ।

# ਹਾਈਕੋਰਟ ਵਲੋਂ ਦਲੇਰ ਮਹਿੰਦੀ ਨੂੰ ਵੱਡੀ ਰਾਹਤ-ਦੋ ਸਾਲ ਦੀ ਸਜ਼ਾ ਮੁਅੱਤਲ ਕੀਤੀ

ਚੰਡੀਗੜ੍ਹ-ਪੰਜਾਬ ਹਰਿਆਣਾ ਹਾਈ ਕੋਰਟ ਨੇ ਕਬੂਤਰਬਾਜ਼ੀ ਦੇ ਮਾਮਲੇ 'ਚ ਫਸੇ ਗਾਇਕ ਦਲੇਰ ਮਹਿੰਦੀ ਦੀ ਦੋ ਸਾਲ ਦੀ ਸਜ਼ਾ ਮੁਅੱਤਲ ਕਰ ਦਿੱਤੀ ਹੈ। ਸਾਲ 2003 ਦੇ ਮਨੁੱਖੀ ਤਸਕਰੀ ਮਾਮਲੇ 'ਚ ਪਟਿਆਲਾ ਦੀ ਇਕ ਅਦਾਲਤ ਨੇ ਦਲੇਰ ਮਹਿੰਦੀ ਨੂੰ ਦੋ ਸਾਲ ਦੀ ਸਜ਼ਾ ਸੁਣਾਈ ਸੀ। ਜਸਟਿਸ ਜੀ ਐੱਸ ਗਿੱਲ ਦੇ ਸਿੰਗਲ ਬੈਂਚ ਨੇ ਦਲੇਰ ਮਹਿੰਦੀ ਦੀ ਸਜ਼ਾ ਮੁਅੱਤਲ ਕੀਤੀ ਹੈ। ਗਾਇਕ ਦੇ ਵਕੀਲ ਅਰਸ਼ਦੀਪ ਸਿੰਘ ਚੀਮਾ ਨੇ ਆਪਣੇ ਮੁਵੱਕਿਲ ਨੂੰ ਹਾਈ ਕੋਰਟ ਤੋਂ ਰਾਹਤ ਮਿਲਣ ਦੀ



ਪੁਸ਼ਟੀ ਕੀਤੀ ਹੈ। ਹੇਠਲੀ ਅਦਾਲਤ ਵੱਲੋਂ ਮਾਰਚ 2018 'ਚ ਸੁਣਾਈ ਗਈ ਦੋ ਸਾਲ ਦੀ ਸਜ਼ਾ ਨੂੰ ਪਟਿਆਲਾ ਅਦਾਲਤ ਨੇ ਬਹਾਲ ਰੱਖਿਆ ਸੀ ਜਿਸ ਮਗਰੋਂ ਦਲੇਰ ਮਹਿੰਦੀ ਨੇ ਹਾਈ ਕੋਰਟ ਦਾ ਰੁਖ਼ ਕੀਤਾ ਸੀ। ਪਟਿਆਲਾ ਦੇ ਵਧੀਕ ਸੈਸ਼ਨ ਜੱਜ ਨੇ ਹੇਠਲੀ ਅਦਾਲਤ ਦੇ ਹੁਕਮਾਂ ਖ਼ਿਲਾਫ਼ ਪਾਈ ਗਈ ਪਟੀਸ਼ਨ ਨੂੰ 14 ਜੁਲਾਈ ਨੂੰ ਖਾਰਜ ਕਰ ਦਿੱਤਾ ਸੀ ਜਿਸ ਮਗਰੋਂ ਦਲੇਰ ਮਹਿੰਦੀ ਨੂੰ ਪਟਿਆਲਾ ਜੇਲ੍ਹ ਭੇਜ ਦਿੱਤਾ ਗਿਆ ਸੀ। ਪਟਿਆਲਾ ਪੁਲੀਸ ਨੇ ਬਖ਼ਸ਼ੀਸ਼ ਸਿੰਘ ਦੀ ਸ਼ਿਕਾਇਤ ਦੇ ਆਧਾਰ 'ਤੇ ਦਲੇਰ ਮਹਿੰਦੀ ਅਤੇ ਉਸ ਦੇ ਭਰਾ ਸ਼ਮਸ਼ੇਰ, ਜਿਸ ਦੀ 2017 'ਚ ਮੌਤ ਹੋ ਗਈ ਸੀ, ਖ਼ਿਲਾਫ਼ ਕੇਸ ਦਰਜ ਕੀਤਾ ਸੀ। ਦੋਵੇਂ ਭਰਾਵਾਂ ਖ਼ਿਲਾਫ਼ ਧੋਖਾਧੜੀ ਦੀਆਂ 35 ਹੋਰ ਸ਼ਿਕਾਇਤਾਂ ਵੀ ਮਿਲੀਆਂ ਸਨ। ਸ਼ਿਕਾਇਤਕਰਤਾਵਾਂ ਨੇ ਦੋਸ਼ ਲਾਏ ਸਨ ਕਿ ਦੋਵੇਂ ਭਰਾਵਾਂ ਨੇ ਗ਼ੈਰਕਾਨੂੰਨੀ ਢੰਗ ਨਾਲ ਅਮਰੀਕਾ ਅਤੇ ਕੈਨੇਡਾ ਭਿਜਵਾਉਣ ਲਈ ਉਨ੍ਹਾਂ ਤੋਂ ਪੈਸੇ ਲਏ ਸਨ ਪਰ ਉਹ ਬਾਹਰ ਲੈ ਕੇ ਨਹੀਂ ਗਏ। ਪਟਿਆਲਾ ਪੁਲੀਸ ਨੇ ਗਾਇਕ ਦੇ ਦਿੱਲੀ ਸਥਿਤ ਕਨਾਟ ਪਲੇਸ ਦਫ਼ਤਰਾਂ 'ਤੇ ਛਾਪੇ ਮਾਰ ਕੇ ਫਾਈਲਾਂ ਜ਼ਬਤ ਕੀਤੀਆਂ ਸਨ ਜਿਨ੍ਹਾਂ 'ਚ ਕਬੂਤਰਬਾਜ਼ੀ ਦੇ ਇਵਜ਼ 'ਚ ਪੈਸੇ ਲਏ ਜਾਣ ਦਾ ਹਿਸਾਬ-ਕਿਤਾਬ ਸੀ।

# ਪੁਲਿਸ ਕੋਲੋਂ ਭੱਜੇ ਸ਼ੱਕੀ ਨੂੰ ਲੱਭਣ ਵਿਚ ਕੀਤੀ ਕੁੱਤੇ ਨੇ ਮਦਦ

ਸਰੀ-ਸਰੀ ਆਰਸੀਐਮਪੀ ਨੇ ਲੋਅਰ ਮੇਨਲੈਂਡ ਇੰਟੀਗ੍ਰੇਟਿਡ ਪੁਲਿਸ ਡੌਗ ਸਰਵਿਸਜ਼ ਦੀ ਮਦਦ ਨਾਲ 3 ਸਤੰਬਰ ਨੂੰ ਪੁਲਿਸ ਤੋਂ ਬਚਣ ਦੀ ਕੋਸ਼ਿਸ਼ ਕਰਨ ਵਾਲੇ ਵਿਅਕਤੀ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਸਰੀ ਆਰਸੀਐਮਪੀ ਨਿਊਟਨ ਵਿਚ 121 ਸਟਰੀਟ ਦੇ 6400 ਬਲਾਕ ਨੇੜੇ ਸ਼ੱਕੀ ਦਾ ਪਤਾ ਲਗਾਉਣ ਵਿਚ ਸਫਲ ਰਹੀ ਜਿਹੜਾ ਭੱਜ ਗਿਆ ਸੀ। ਮੋਟਰ ਗੱਡੀ ਦੀ ਤਲਾਸ਼ੀ ਦੌਰਾਨ ਤਾਂ ਪੁਲਿਸ ਨੂੰ ਦੋ ਰੈਪਲਿਕਾ ਬੰਦੂਕਾਂ, ਬੀਅਰ ਸਪਰੇਅ ਮਿਲੀਆਂ ਅਤੇ ਮੋਟਰ ਗੱਡੀ ਵਿਚ ਫੇਰਬਦਲ ਕੀਤੇ ਜਾਣ ਦਾ ਪਤਾ ਲੱਗਾ ਜਿਹੜਾ ਪੁਲਿਸ ਦੀ ਮੋਟਰ ਨਕਲ ਕਰਦਾ ਲੱਗਿਆ। 29 ਸਾਲਾ ਵਿਅਕਤੀ ਜਸਟਿਨ ਮਰਸੀਕਾ ਖਿਲਾਫ ਅਪਰਾਧਾਂ ਦੇ ਕਈ ਦੋਸ਼ ਲਗਾਏ ਗਏ ਹਨ ਜਿਨ੍ਹਾਂ ਵਿਚ ਪੁਲਿਸ ਤੋਂ ਭੱਜਣਾ, ਮੋਟਰ ਗੱਡੀ ਨੂੰ ਖ਼ਤਰਨਾਕ ਤਰੀਕੇ ਨਾਲ ਚਲਾਉਣ, ਹਥਿਆਰ ਕੋਲ ਰੱਖਣ, ਕਿਸੇ ਹੋਰ ਵਿਅਕਤੀ ਨਾਲ ਸਬੰਧਤ ਆਈਡੀ ਕੋਲ ਰੱਖਣ ਅਤੇ ਮੋਟਰ ਵਹੀਕਲ ਐਕਟ ਤਹਿਤ ਮਨਾਹੀ ਦੇ ਬਾਵਜੂਦ ਡਰਾਈਵਿੰਗ ਕਰਨਾ ਸ਼ਾਮਿਲ ਹੈ। ਉਹ ਅਦਾਲਤ ਵਿਚ ਅਗਲੀ ਪੇਸ਼ੀ ਤਕ ਹਿਰਾਸਤ ਵਿਚ ਰਹੇਗਾ।

# ਸਰੀ ਸਕੂਲ ਡਿਸਟ੍ਰਿਕਟ ਪ੍ਰੋਗਰਾਮਾਂ ਨੂੰ ਸੂਬੇ ਤੋਂ ਮਿਲਿਆਂ 7.3 ਮਿਲੀਅਨ ਡਾਲਰ ਦਾ ਬੂਸਟ

ਸਰੀ-ਸਰੀ ਸਕੂਲ ਡਿਸਟ੍ਰਿਕਟ ਨੂੰ ਸੂਬੇ ਤੋਂ 7.3 ਮਿਲੀਅਨ ਡਾਲਰ ਦਾ ਬੂਸਟ ਮਿਲਿਆ ਹੈ। ਡਿਸਟ੍ਰਿਕਟ ਮੌਜੂਦਾ ਸਮੇਂ 2000 ਤੋਂ ਵੀ ਵੱਧ ਵਿਦਿਆਰਥੀਆਂ ਨੂੰ ਨਾਸ਼ਤਾ ਤੇ ਦੁਪਹਿਰ ਦਾ ਖਾਣਾ ਮੁਹੱਈਆ ਕਰ ਰਿਹਾ ਹੈ। ਮਹਿੰਗਾਈ ਅਤੇ ਭੋਜਨ ਦੀਆਂ ਲਗਾਤਾਰ ਵਧ ਰਹੀਆਂ ਲਾਗਤਾਂ ਲੋਅਰ ਮੇਨਲੈਂਡ ਵਿਚ ਇਕ ਮੁੱਦਾ ਹੈ ਅਤੇ ਸਰੀ ਸਕੂਲਜ਼ ਭੋਜਨ ਪ੍ਰੋਗਰਾਮਾਂ ਲਈ ਬਜਟ ਦਬਾਅ ਦਾ ਸਾਹਮਣਾ ਕਰ ਰਿਹਾ ਹੈ। ਇਹ ਭੋਜਨ ਪ੍ਰੋਗਰਾਮ ਘੱਟ ਆਮਦਨ ਪਿਛੋਕੜ ਵਾਲੇ ਪਰਿਵਾਰਾਂ ਦੇ ਵਿਦਿਆਰਥੀਆਂ ਲਈ ਭੋਜਨ ਮੁਹੱਈਆ ਕਰਨ ਵਿਚ ਮਦਦ ਕਰਦੇ ਹਨ। 29 ਅਗਸਤ ਨੂੰ ਇਨ੍ਹਾਂ ਪ੍ਰੋਗਰਾਮਾਂ ਨੂੰ ਮਹੱਤਵਪੂਰਣ ਹੁਲਾਰਾ ਮਿਲਿਆ ਅਤੇ ਸਰੀ ਸਕੂਲਾਂ ਨੂੰ ਲਾਗਤਾਂ 'ਤੇ ਕਾਬੂ ਪਾਉਣ ਵਿਚ ਮਦਦ ਲਈ ਲਗਪਗ 8 ਮਿਲੀਅਨ ਡਾਲਰ ਮਿਲਣਗੇ।

# ਚੋਣ ਬੌਸ ਵਲੋਂ ਅਦਾਲਤ ਵਲੋਂ ਬੈਲਟ 'ਤੇ ਗੈਰ ਅੰਗਰੇਜ਼ੀ ਅੱਖਰਾਂ ਵਿਚ ਨਾਵਾਂ 'ਤੇ ਪਾਬੰਦੀ ਲਗਾਉਣ ਦੀ ਅਪੀਲ

ਵੈਨਕੂਵਰ-ਵੈਨਕੂਵਰ ਦਾ ਚੋਟੀ ਦਾ ਚੋਣ ਅਧਿਕਾਰੀ ਚਾਹੁੰਦਾ ਹੈ ਕਿ ਜੱਜ ਉਮੀਦਵਾਰਾਂ ਨੂੰ 15 ਅਕਤੂਬਰ ਦੀਆਂ ਚੋਣਾਂ ਲਈ ਬੈਲਟ 'ਤੇ ਚੀਨੀ ਜਾਂ ਫ਼ਾਰਸੀ ਭਾਸ਼ਾਵਾਂ ਦੇ ਅੱਖਰਾਂ ਦੀ ਨਾਵਾਂ ਲਈ ਵਰਤੋਂ ਦੀ ਇਜਾਜ਼ਤ ਨਾ ਦੇਵੇ। ਚੀਫ ਇਲੈਕਸ਼ਨ ਅਫਸਰ ਰੋਜ਼ਮੇਰੀ ਹੈਗੀਵਾਰਾ ਵਲੋਂ ਪ੍ਰੋਵਿੰਸ਼ੀਅਲ ਅਦਾਲਤ ਵਿਚ ਦਾਇਰ ਅਰਜ਼ੀ ਨੂੰ ਕੁਝ ਉਮੀਦਵਾਰਾਂ ਦੀ ਨਿਰਾਸ਼ਾ ਤੇ ਬਦਨਾਮੀ ਦਾ ਸਾਹਮਣਾ ਕਰਨਾ ਪਿਆ ਜਦਕਿ ਹੋਰਨਾਂ ਨੇ ਸਭਿਆਚਾਰਕ ਨਿਯੋਜਨ ਦੇ ਦੋਸ਼ ਲਗਾਏ। ਸਿਰਫ 15 ਉਮੀਦਵਾਰਾਂ ਨੇ ਆਪਣੇ ਅੰਗਰੇਜ਼ੀਕਰਨ ਵਾਲੇ ਨਾਂਅ ਚੀਨੀ ਜਾਂ ਫ਼ਾਰਸੀ ਅੱਖਰਾਂ ਦੀ ਵਰਤੋਂ ਕਰਕੇ ਜਮ੍ਹਾਂ ਕਰਵਾਏ ਸਨ।


# ਬਰਨਬੀ ਵਿਚ ਗੋਲੀਬਾਰੀ ਇਕ ਵਿਅਕਤੀ ਦੀ ਮੌਤ

ਸਰੀ-ਮੰਗਲਵਾਰ ਰਾਤ ਬਰਨਬੀ ਵਿਚ ਹੋਈ ਗੋਲੀਬਾਰੀ ਦੌਰਾਨ ਇਕ ਵਿਅਕਤੀ ਦੀ ਮੌਤ ਹੋ ਗਈ। ਗੋਲੀਬਾਰੀ ਤੋਂ 20 ਮਿੰਟ ਬਾਅਦ ਪੁਲਿਸ ਨੂੰ ਰਿਪੋਰਟ ਮਿਲੀ ਕਿ ਬਰਨਲੇਕ ਡਰਾਈਵ ਦੇ 8200 ਬਲਾਕ ਵਿਚ ਇਕ ਮੋਟਰ ਗੱਡੀ ਅੱਗ ਨਾਲ ਸੜ ਰਹੀ ਹੈ। ਜਾਂਚ ਅਧਿਕਾਰੀਆਂ ਨੇ ਮਾਰੇ ਗਏ ਵਿਅਕਤੀ ਦੀ ਪਛਾਣ ਕਰ ਲਈ ਹੈ ਪਰ ਪੁਲਿਸ ਵਲੋਂ ਪਰਿਵਾਰ ਨੂੰ ਜਾਣਕਾਰੀ ਦਿੱਤੇ ਜਾਣ ਤਕ ਨਾਂਅ ਨਹੀਂ ਦੱਸਿਆ ਜਾ ਰਿਹਾ। ਆਈਐਚਆਈਟੀ ਦੇ ਸਾਰਜੈਂਟ ਟਿਮੋਥੀ ਪੀਰੋਟੀ ਨੇ ਇਕ ਬਿਆਨ ਵਿਚ ਕਿਹਾ ਕਿ ਅਸੀਂ ਇਹ ਪਤਾ ਲਗਾਉਣ ਲਈ ਆਪਣੇ ਭਾਈਵਾਲਾਂ ਨਾਲ ਮਿਲ ਕੇ ਕੰਮ ਕਰ ਰਹੇ ਹਾਂ ਕਿ ਇਸ ਘਟਨਾ ਦਾ ਲੋਅਰ ਮੇਨਲੈਂਡ ਗੈਂਗ ਵਾਰ ਨਾਲ ਕੋਈ ਸਬੰਧ ਤਾਂ ਨਹੀਂ। ਹੋਮੀਸਾਈਡ ਜਾਂਚ ਅਧਿਕਾਰੀ ਘਟਨਾ ਦੇ ਗਵਾਹਾਂ ਤੇ ਡੈਸ਼ਕੈਮ ਵੀਡੀਓ ਦੀ ਭਾਲ ਕਰ ਰਹੇ ਹਨ।

ਸੁਪਰ ਵੀਜ਼ਾ ਇੰਸ਼ੋਰੈਂਸ
ਮੰਥਲੀ ਪੇਮੈਂਟ ਪਲੈਨ • 45% ਤੱਕ ਡਿਸਕਾਊਂਟ*
• ਲਾਈਫ • ਡਿਸੇਬਿਲਿਟੀ • ਕ੍ਰਿਟੀਕਲ ਇਲਨੈਸ
• ਬੱਚਿਆਂ ਲਈ ਇੰਸ਼ੋਰੈਂਸ • ਹੈਲਥ • ਟਰੈਵਲ • ਵਿਜ਼ਟਰ
ਇੰਡੀਪੈਂਡੇਂਟ ਬਰੋਕਰਜ਼ ਹੋਣ ਦੇ ਨਾਤੇ ਅਸੀਂ ਤੁਹਾਨੂੰ ਕਨੇਡਾ ਦੀਆਂ ਸਾਰੀਆ ਮੇਜਰ ਇੰਸ਼ੋਰੈਂਸ ਕੰਪਨੀਆਂ ਤੋਂ ਵਾਜਿਬ ਰੇਟ ਅਤੇ ਵਧੀਆ ਬੈਨੀਫਿਟਸ ਲੈ ਕੇ ਦਿੰਦੇ ਹਾਂ
YOUR INSURANCE ADVISOR
JATINDER SINGH BHATIA
Former Advocate (India)

ਜਤਿੰਦਰ ਸਿੰਘ ਭਾਟੀਆ
778.848.1287
jatinder.insurance@hotmail.com
14768-69A Ave, SURREY BC
*WITH DEDUCTIBLE.

India Bookworld
Shop Online At:
www.indiabookworld.ca


ਕਿਤਾਬਾਂ ਹੀ ਕਿਤਾਬਾਂ
ਧਰਮ, ਸੱਭਿਆਚਾਰ, ਇਤਿਹਾਸ, ਭਾਸ਼ਾ ਸਿੱਖਣ, ਬੱਚੇ, ਯੋਗਾ ਅਤੇ ਸਿਹਤ, ਰਸੋਈ, ਕਲਾ ਅਤੇ ਫਿਲਮਾਂ, ਜੋਤਿਸ਼ ਅਤੇ ਅੰਕ ਵਿਗਿਆਨ ਅੰਗਰੇਜ਼ੀ, ਪੰਜਾਬੀ, ਹਿੰਦੀ, ਉਰਦੂ, ਗੁਜਰਾਤੀ, ਬੰਗਾਲੀ ਅਤੇ ਹੋਰ ਭਾਰਤੀ ਭਾਸ਼ਾਵਾਂ ਵਿੱਚ।




604-593-5967 | 604-595-2923
Follow us at #
#117B-12888 - 80 Ave., Surrey
E: info@indiabookworld.ca

idea immigration
SUPER VISAS & PNPs
ਕੈਨੇਡਾ ਪਹੁੰਚਣ ਦਾ ਸੁਨਿਹਰੀ ਮੌਕਾ


• Specialist in marriage appeals & residency appeals
• Under express entry program applicant can come to Canada within 6 month. For assessments you can visit or call.
• Immigration under investment programme
• ਭਾਰਤ ਵਿੱਚ ਰਹਿੰਦੇ ਆਪਣੇ ਰਿਸ਼ਤੇਦਾਰ, ਸੱਜਣ ਮਿੱਤਰ ਨੂੰ ਕੈਨੇਡਾ ਬੁਲਾਓ
• 6 ਤੋਂ 8 ਮਹੀਨੇ 'ਚ ਨੈਨੀ ਮੰਗਵਾਉ
• ਕੈਨੇਡਾ ਦੇ ਆਰਜ਼ੀ ਵਰਕ ਪਰਮਿਟ ਪੋਗਰਾਮ 'ਚ ਤਬਦੀਲੀਆਂ
ਜੇ ਤੁਹਾਡੇ ਵਿਆਹ ਦਾ ਕੇਸ ਰਿਫਿਊਜ਼ ਹੋ ਗਿਆ ਅਤੇ ਅਪੀਲ ਕਰਨਾ ਚਾਹੁੰਦੇ ਹੋ?
ਜੇ ਤੁਸੀ ਸਟੂਡੈਂਟ ਹੋ ਅਤੇ ਕੈਨੇਡਾ ਵਿਚ ਪੱਕੇ ਹੋਣਾ ਚਾਹੁੰਦੇ ਹੋ?
ਜੇ ਵਿਜ਼ਟਰ ਵੀਜ਼ੇ ਤੇ ਆਏ ਹੋ, ਪੀ.ਆਰ. ਲੈਣਾ ਚਾਹੁੰਦੇ ਹੋ?
...ਤਾਂ ਸਲਾਹ ਮਸ਼ਵਰੇ ਲਈ ਅੱਜ ਹੀ ਸਾਨੂੰ ਮਿਲੋ
ਸੁਪਰ ਵੀਜ਼ਾ, ਵਿਜ਼ਟਰ ਵੀਜ਼ਾ, ਵਰਕ ਪਰਮਿਟ, ਸਟੱਡੀ ਪਰਮਿਟ, ਮਲਟੀਪਲ ਵੀਜ਼ਾ, LMIA ਲੈਣ ਲਈ ਸਾਡੀਆਂ ਸੇਵਾਵਾਂ ਲਓ।
ਪੀ.ਆਰ. ਕਾਰਡ ਬਣਵਾਉਣ ਅਤੇ ਸਿਟੀਜ਼ਨਸ਼ਿਪ ਲੈਣ ਲਈ ਸੰਪਰਕ ਕਰੋ।
Navneet Sharma 778-320-0620
Ph:604-597-1119 | Fax:604-593-5099
#209-7928, 128st. Surrey BC V3W 4E8
info@ideaimmigration.com | www.ideaimmigration.com

# ਆਰਸੀਐਮਪੀ ਨੇ ਲਾਪਤਾ ਔਰਤ ਦਾ ਪਤਾ ਲਗਾਉਣ ਲਈ ਮਦਦ ਮੰਗੀ

ਸਰੀ-ਸਰੀ ਆਰਸੀਐਮਪੀ ਲੀਜ਼ਾ ਡੇਵਿਸ ਦਾ ਪਤਾ ਲਗਾਉਣ ਲਈ ਜਨਤਾ ਤੋਂ ਮਦਦ ਦੀ ਮੰਗ ਕਰ ਰਹੀ ਹੈ। 38 ਸਾਲਾ ਡੇਵਿਸ ਨੂੰ ਆਖਰੀ ਵਾਰ ਇਕ ਸਤੰਬਰ ਨੂੰ ਕਿੰਗ ਜੌਰਜ ਬੁਲੇਵਾਰਡ ਦੇ 13200 ਬਲਾਕ ਇਲਾਕੇ ਵਿਚ ਦੇਖਿਆ ਗਿਆ ਸੀ। ਪੁਲਿਸ ਉਸ ਦੀ ਰਾਜ਼ੀ ਖੁਸ਼ੀ ਬਾਰੇ ਚਿੰਤਤ ਹੈ। ਜੇਕਰ ਕਿਸੇ ਨੂੰ ਜਾਣਕਾਰੀ ਹੋਵੇ ਤਾਂ ਸਰੀ ਆਰਸੀਐਮਪੀ ਨਾਲ 604-599-0502 'ਤੇ ਜਾਂ ਕਰਾਈਮ ਸਟਾਪਰਜ਼ ਨਾਲ 1-800-222-8477 'ਤੇ ਸੰਪਰਕ ਕੀਤਾ ਜਾਵੇ।

# ਹਿਟ ਐਂਡ ਰਨ ਮਾਮਲੇ ਵਿਚ ਪੈਦਲ ਜਾ ਰਹੀ ਔਰਤ ਜ਼ਖ਼ਮੀ

ਸਰੀ-ਹਿਟ ਐਂਡ ਰਨ ਮਾਮਲੇ ਵਿਚ ਇਕ ਪੈਦਲ ਯਾਤਰੀ ਜ਼ਖ਼ਮੀ ਹੋ ਗਿਆ ਅਤੇ ਆਰਸੀਐਮਪੀ ਸਿਲਵਰ ਰੰਗ ਦੀ ਸੇਡਾਨ ਕਾਰ ਨੂੰ ਲੱਭ ਰਹੀ ਹੈ ਜਿਸ ਦੇ ਅਗਲੇ ਪਾਸੇ ਨੂੰ ਨੁਕਸਾਨ ਪੁੱਜਾ ਹੈ। ਅਧਿਕਾਰੀਆਂ ਨੇ ਦੱਸਿਆ ਕਿ ਕਿੰਗ ਜੌਰਜ ਦੇ ਦੱਖਣ ਵਾਲੇ ਪਾਸੇ ਨੂੰ ਜਾ ਰਹੀ ਸਿਲਵਰ ਰੰਗ ਦੀ ਸੇਡਾਨ ਕਾਰ ਨੇ ਔਰਤ ਨੂੰ ਟੱਕਰ ਮਾਰੀ ਜਿਹੜੀ ਚੌਰਾਹੇ ਵਿਚ ਸੜਕ ਪਾਰ ਕਰ ਰਹੀ ਸੀ। ਪੁਲਿਸ ਨੇ ਦੱਸਿਆ ਕਿ ਸੇਡਾਨ ਕਾਰ ਜਿਹੜੀ ਸ਼ਾਇਦ ਹੌਂਡਾ ਹੋ ਸਕਦੀ ਹੈ ਬਿਨ੍ਹਾਂ ਰੁਕੇ ਦੱਖਣ ਵਾਲੇ ਪਾਸੇ ਨੂੰ ਭੱਜ ਗਈ। ਕਾਰ ਦੇ ਅਗਲੇ ਹਿੱਸੇ ਨੂੰ ਦੁਰਘਟਨਾ ਕਾਰਨ ਜ਼ਰੂਰ ਨੁਕਸਾਨ ਹੋਇਆ ਹੋਵੇਗਾ। 40 ਸਾਲਾ ਔਰਤ ਨੂੰ ਗੰਭੀਰ ਸੱਟਾਂ ਨਾਲ ਹਸਪਤਾਲ ਲਿਜਾਇਆ ਗਿਆ ਪਰ ਉਸ ਦੀ ਹਾਲਤ ਖ਼ਤਰੇ ਤੋਂ ਬਾਹਰ ਹੈ।

# ਓਨਟਾਰੀਓ ਵਿਚ ਬੀਸੀ ਬਰਦਰਜ਼ ਕੀਪਰਜ਼ ਗੈਂਗਸਟਰ ਅਲੀ ਮੁਹੰਮਦ ਦੀ ਗੋਲੀ ਮਾਰ ਕੇ ਹੱਤਿਆ

ਵਿਕਟੋਰੀਆ-ਬਰੈਂਪਟਨ ਵਿਚ ਸਰੀ ਵਾਸੀ ਸਮੇਹ ਅਲੀ ਮੁਹੰਮਦ ਦੀ ਉਸ ਸਮੇਂ ਸਵੇਰੇ 5.30 ਵਜੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਜਦੋਂ ਉਹ ਇਕ ਡਰਾਈਵਵੇਅ ਵਿਚ ਇਕ ਕਾਰ ਵਿਚ ਬੈਠਾ ਹੋਇਆ ਸੀ। ਪਿਛਲੇ ਸਾਲਾਂ ਦੌਰਾਨ ਮੁਹੰਮਦ ਨੇ ਕਈ ਅਗਨੀ ਸ਼ਾਸਤਰ ਦੋਸ਼ਾਂ ਦਾ ਸਾਹਮਣਾ ਕੀਤਾ ਜਿਹੜੇ ਮਈ ਵਿਚ ਖਤਮ ਕਰ ਦਿੱਤੇ ਗਏ ਸਨ। ਉਸ ਦਾ ਛੋਟਾ ਭਰਾ ਨਸੀਮ ਲਿਟਲ ਮੈਨ ਮੁਹੰਮਦ ਨੂੰ ਵੀ ਵਾਸ਼ਿੰਗਟਨ ਸੂਬੇ ਦੀ ਜੇਲ੍ਹ ਵਿਚ ਬੰਦ ਹੈ। ਉਹ ਵੀ ਬਰਦਰਜ਼ ਕੀਪਰਜ਼ ਗੈਂਗਸ ਦਾ ਮੈਂਬਰ ਹੈ। ਬੀਸੀ ਪ੍ਰੌਸੀਕਿਊਸ਼ਨ ਸਰਵਿਸ ਦੇ ਬੁਲਾਰੇ ਡੈਨ ਮੈਕਲਾਫਲਿਨ ਨੇ ਕਿਹਾ ਕਿ ਸਮੇਹ ਮੁਹੰਮਦ ਦੇ ਖਿਲਾਫ ਅਪ੍ਰੈਲ 2021 ਵਿਚ ਅਗਨੀ ਸ਼ਾਸਤਰਾਂ ਨਾਲ ਸਬੰਧਤ ਲਾਏ ਗਏ 7 ਦੋਸ਼ ਕਰਾਊਨ ਕੌਂਸਲ ਵਲੋਂ ਮਾਮਲੇ ਬਾਰੇ ਹੋਰ ਜਾਣਕਾਰੀ ਮਿਲਣ ਪਿਛੋਂ ਰੋਕ ਦਿੱਤੇ ਗਏ ਸਨ। ਵੱਡਾ ਮੁਹੰਮਦ ਉਸ ਦੇ ਗੈਂਗਲੈਂਡ ਦੁਸ਼ਮਣਾਂ ਨੂੰ ਉਸ ਦੇ ਰਿਚਮੰਡ ਵਿਚ ਕਿਰਾਏ ਦੇ ਮਕਾਨ ਬਾਰੇ ਪਤਾ ਲੱਗਣ ਪਿਛੋਂ ਸੁਰੱਖਿਆ ਕਾਰਨਾਂ ਕਰਕੇ ਪਿਛਲੇ ਮਹੀਨੇ ਓਨਟਾਰੀਓ ਚਲਾ ਗਿਆ ਸੀ।



# ਪੀਅਰੇ ਪੋਲੀਵਰ ਕੰਸਰਵੇਟਿਵ ਪਾਰਟੀ ਆਫ ਕੈਨੇਡਾ ਦੇ ਨਵੇਂ ਨੇਤਾ ਬਣੇ

(ਸਫ਼ਾ 1 ਦੀ ਬਾਕੀ)

ਦਾ ਵਿਰੋਧ ਕਰਨ ਬਦਲੇ ਪ੍ਰੀਮੀਅਰ ਡੱਗ ਫੋਰਡ ਦੀ ਕੌਕਸ ਵਿੱਚੋਂ ਬਾਹਰ ਕੱਢ ਦਿੱਤਾ ਸੀ ਨੂੰ 5.03 ਫ਼ੀਸਦੀ ਅਤੇ ਐਮਪੀ ਸਕੌਟ ਐਚੀਸਨ ਨੂੰ 1.06 ਫ਼ੀਸਦੀ ਵੋਟ ਮਿਲੇ। ਮਹੀਨਿਆਂ ਤੋਂ ਪੋਲੀਵਰੇ ਦੀ ਟੀਮ ਨਿੱਜੀ ਰੂਪ ਵਿਚ ਕਹਿ ਰਹੀ ਸੀ ਕਿ ਉਨ੍ਹਾਂ ਨੂੰ ਭਰੋਸਾ ਹੈ ਕਿ ਉਨ੍ਹਾਂ ਦਾ ਉਮੀਦਵਾਰ ਤਰਜੀਹੀ ਵੋਟ ਵਿਚ ਪਹਿਲੇ ਦੌਰ ਵਿਚ ਅਸਾਨੀ ਨਾਲ ਜਿੱਤ ਜਾਵੇਗਾ ਅਤੇ ਇਥੋਂ ਤਕ ਵੀ ਕਹਿ ਦਿੱਤਾ ਕਿ ਉਹ ਸਾਰਿਆਂ ਵਿਚ ਤਾਂ ਨਹੀਂ ਪਰ ਸਮੁੱਚੇ ਕੈਨੇਡਾ ਦੇ ਬਹੁਤੇ ਹਲਕਿਆਂ ਵਿਚ ਚੋਣ ਜਿੱਤ ਸਕਦੇ ਹਨ ਜਿਨ੍ਹਾਂ ਵਿਚ ਕਿਊਬਕ ਵੀ ਸ਼ਾਮਿਲ ਹੈ ਪਰ ਉਹ ਕਿਸੇ ਵੀ ਚੀਜ਼ ਨੂੰ ਗਰੰਟੀ ਨਾ ਮੰਨ ਕੇ ਚੌਕਸ ਹਨ। ਸਨਿਚਰਵਾਰ ਉਨ੍ਹਾਂ ਦੀਆਂ ਪੇਸ਼ੀਨਗੋਈਆਂ ਸੱਚ ਸਾਬਤ ਹੋਈਆਂ ਹਨ। ਪੋਲੀਵਰੇ 8 ਹਲਕਿਆਂ ਨੂੰ ਛੱਡ ਕੇ ਸਮੁੱਚੇ ਕੈਨੇਡਾ ਵਿਚ ਭਾਰੀ ਬਹੁਮਤ ਨਾਲ ਜੇਤੂ ਰਹੇ। ਚਾਰਸੇਟ ਨੂੰ ਆਪਣੇ ਜੱਦੀ ਸੂਬੇ ਕਿਊਬਕ ਵਿਚ ਕੇਵਲ 6 ਹਲਕਿਆਂ ਅਤੇ ਓਨਟਾਰੀਓ ਦੇ 2 ਸ਼ਹਿਰੀ ਸੈਂਟਰਾਂ ਤੋਂ ਜਿੱਤ ਨਸੀਬ ਹੋਈ। ਦੂਸਰੇ ਉਮੀਦਵਾਰ ਕਿਸੇ ਵੀ ਹਲਕੇ ਤੋਂ ਚੋਣ ਨਹੀਂ ਜਿੱਤ ਸਕੇ। ਸਾਬਕਾ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਦੇ ਰਾਜਨੀਤੀ ਤੋਂ ਸੰਨਿਆਸ ਲੈਣ ਪਿਛੋਂ ਪੋਲੀਵਰੇ ਤੀਸਰੇ ਨੇਤਾ ਚੁਣੇ ਗਏ ਹਨ ਅਤੇ ਕੰਸਰਵੇਟਿਵ ਆਸ ਕਰਦੇ ਹਨ ਕਿ ਜਸਟਿਨ ਟਰੂਡੋ ਦੇ ਲਿਬਰਲਜ਼ ਤੋਂ ਲਗਾਤਾਰ ਤਿੰਨ ਵਾਰ ਹਾਰ ਖਾਣ ਪਿਛੋਂ ਅਗਲੀਆਂ ਫੈਡਰਲ ਚੋਣਾਂ ਵਿਚ ਉਨ੍ਹਾਂ ਦੀ ਜਿੱਤ ਹੋਵੇਗੀ। ਜਿਉਂ ਹੀ ਜਿੱਤ ਦਾ ਐਲਾਨ ਕੀਤਾ ਤਾਂ ਪੋਲੀਵਰੇ ਨੇ ਤਾੜੀਆਂ ਦੀ ਗੂੰਜ ਵਿਚ ਮੰਚ ਸੰਭਾਲਿਆ ਅਤੇ ਉਨ੍ਹਾਂ ਆਪਣੇ ਪਰਿਵਾਰ, ਉਸ ਦੀ ਆਪਣੀ ਟੀਮ ਦਾ ਹੀ ਨਹੀਂ ਸਗੋਂ ਦੌੜ ਵਿਚ ਸ਼ਾਮਿਲ ਉਨ੍ਹਾਂ ਦੇ ਵਿਰੋਧੀਆਂ ਦਾ ਧੰਨਵਾਦ ਕਰਨ ਦੀ ਵੀ ਕੋਸ਼ਿਸ਼ ਕੀਤੀ। ਆਪਣੇ ਜਿੱਤ ਦੇ ਭਾਸ਼ਣ ਦੌਰਾਨ ਉਨ੍ਹਾਂ ਨੇ ਬੈਂਕ ਆਫ ਕੈਨੇਡਾ ਦੇ ਗਵਰਨਰ ਨੂੰ ਹਟਾਉਣ ਜਾਂ ਕ੍ਰਿਪਟੋਕਰੰਸੀ ਨੂੰ ਉਤਸ਼ਾਹਿਤ ਕਰਨ ਦੀ ਗੱਲ ਨਹੀਂ ਕੀਤੀ ਅਤੇ ਨਾ ਹੀ ਉਸ ਨੇ ਸੀਬੀਸੀ ਨੂੰ ਫੰਡ ਨਾ ਦੇਣ ਬਾਰੇ ਕੁਝ ਕਿਹਾ। ਉਸ ਨੇ ਆਪਣੇ ਭਾਸ਼ਣ ਵਿਚ ਕੇਵਲ ਆਜ਼ਾਦੀ ਸ਼ਬਦ ਦਾ ਜ਼ਿਕਰ ਕੀਤਾ।



BADH ACCOUNTING SERVICES
32 YEARS EXPERIENCE IN ACCOUNTING
Specializing in:
ਟੈਕਸ ਦੇ ਪੇਪਰ ਭਰਨਾ * ਅਕਾਊਂਟਿੰਗ * ਪੇਰੋਲ
ਬਿਜ਼ਨਸ ਇਨਕਮ ਟੈਕਸ * ਪਰਸਨਲ ਇਨਕਮ ਟੈਕਸ
ਟੀ-ਫੋਰ ਜਾਂ ਵਰਕਰ ਕੰਪਨਸੇਸ਼ਨ ਫਾਰਮ * ਬੁੱਕ ਕੀਪਿੰਗ
* Tax Forms Fill up * Accounting * Payroll
* Business Income Tax * Personal Income Tax
* T4 & Workers Compensation Forms
* Bookkeeping

Jasbir Singh Badh
ਜਸਬੀਰ ਸਿੰਘ ਬਾਧ
ਸਾਡਾ ਅਕਾਊਂਟਿੰਗ ਵਿਚ 32 ਸਾਲ ਦਾ ਤਜ਼ਰਬਾ ਹੈ
Ph: 604-325-8370
Fax: 604-325-6654
# 1393 - 20800 - WESTMINSTER HWY, RICHMOND, BC

REAL ESTATE BUY & SELL
KULWANT ATWAL 604-716-2135
MORTGAGES 1st, 2nd or Private
BHAJAN ATWAL 604-773-8426
BUILD WITH WARRANTY
BUILD, SUPPORT & ADVICE TEAM WORK
604-773-8426
604-594-7592

Save Commissions &
Get Sold Guaranteed
We Help Buyers With Cash Back
Buy, Sell, Mortgage or
Build With Us:

amex A Mark of EXcellence
CENTUM
You Will Save Thousands Thousands Dollars
Buy With Us: Get Full Support
Sell With Us: Save Money
Build With Us: Warranty & Support
"Pre-Register Your House To Sell & Save Thousands Dollars & Guaranteed Sold"
RESIDENTIAL
CONSTRUCTION
COMMERCIAL
NEW IMMIGRANTS
SELF EMPLOYED
PRIVATE MORTGAGES
Support & Good Advice
Best Rate Honest Approach
Quick Approval & No Bank Rules*
Some conditions Apply
Real Estate, Mortgage, Build & Warranty, Private Mortgages
604-716-2135 604-773-8426

CAN-AM LUMBER MILL
WE CAN NOW SUPPLY COMPLETE HOME PACKAGE
Engineered Floor Joists, Roof Trusses
All the Framing lumber, Plywoods for Floors, Walls & Roof
Always Low Prices
2X6X8' Kiln Dry Fir $4.95 EA
1X4 Red Cedar 10' $2.95 EA
4X8X3/8" Paint Grade Plywood $21.95 EA
4X8X1/2" Paint Grade Plywood $29.95 EA
*APNA PUNJABI LUMBER YARD*
RING: MALKIT OR SAM SANGHA
604-580-1415
11635 130th St., Surrey, FAX: 604-580-1528
Email: can-ambuildingsupply@shaw.ca
We Deliver to Your Job Site
(Even to the Moon)
"Where the Builders Buy"

# ਪੰਜਾਬ 'ਚ ਵਿਧਾਇਕਾਂ ਦੀ ਖਰੀਦੋ ਫਰੋਖਤ ਦੇ ਦੋਸ਼ਾਂ ਦੀ ਜਾਂਚ ਲਈ ਭਾਜਪਾ ਵਫਦ ਰਾਜਪਾਲ ਨੂੰ ਮਿਲਿਆ

ਚੰਡੀਗੜ-ਇਥੇ ਭਾਰਤੀ ਜਨਤਾ ਪਾਰਟੀ ਦੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਦੀ ਅਗਵਾਈ ਵਾਲੇ ਵਫ਼ਦ ਨੇ ਇੱਥੇ ਸੂਬੇ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨਾਲ ਮੁਲਾਕਾਤ ਕਰ ਕੇ ਪੰਜਾਬ ਦੇ 'ਆਪ' ਵਿਧਾਇਕਾਂ ਦੀ ਖਰੀਦੋ-ਫਰੋਖਤ ਦੇ ਦੋਸ਼ਾਂ ਦੀ ਜਾਂਚ ਹਾਈ ਕੋਰਟ ਦੇ ਮੌਜੂਦਾ ਜੱਜ ਤੋਂ ਕਰਾਉਣ ਦੀ ਮੰਗ ਕੀਤੀ ਹੈ। ਭਾਜਪਾ ਵਫ਼ਦ ਨੇ ਰਾਜਪਾਲ ਨੂੰ ਕਿਹਾ ਕਿ ਆਮ ਆਦਮੀ ਪਾਰਟੀ ਨੇ ਪੰਜਾਬ ਦੀ ਸੱਤਾ 'ਤੇ ਕਾਬਜ਼ ਹੋਣ ਤੋਂ ਬਾਅਦ ਲੋਕਾਂ ਨਾਲ ਕੀਤੇ ਵਾਅਦਿਆਂ 'ਚੋਂ ਇਕ ਵੀ ਪੂਰਾ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਸੂਬੇ 'ਚ ਆਉਣ ਵਾਲੇ ਕੁਝ ਮਹੀਨਿਆਂ 'ਚ ਹੋਣ ਵਾਲੀਆਂ ਨਿਗਮ ਚੋਣਾਂ ਵਿੱਚ ਹਾਰ ਦੇ ਡਰੋਂ ਆਮ ਆਦਮੀ ਪਾਰਟੀ ਹੁਣ ਮਾੜੀ ਰਾਜਨੀਤੀ ਅਤੇ ਫਰਜ਼ੀ ਬਿਆਨਬਾਜ਼ੀ 'ਤੇ ਉਤਰ ਆਈ ਹੈ। ਉਨ੍ਹਾਂ ਕਿਹਾ ਕਿ ਭਾਜਪਾ 'ਤੇ ਲਾਏ ਜਾ ਰਹੇ ਦੋਸ਼ ਪੂਰੀ ਤਰ੍ਹਾਂ ਝੂਠੇ ਅਤੇ ਨਾਕਾਮੀਆਂ 'ਤੇ ਪਰਦਾ ਪਾਉਣ ਲਈ ਕੀਤੇ ਜਾ ਰਹੇ ਯਤਨ ਹਨ। ਅਸ਼ਵਨੀ ਸ਼ਰਮਾ ਨੇ ਰਾਜਪਾਲ ਨੂੰ ਦੱਸਿਆ ਕਿ ਪੰਜਾਬ ਸਰਕਾਰ ਤੇ ਇਸ ਦੇ ਇਸ਼ਾਰਿਆਂ 'ਤੇ ਚੱਲਣ ਵਾਲੀ ਅਫਸਰਸ਼ਾਹੀ 'ਤੇ ਲੋਕਾਂ ਨੂੰ ਭਰੋਸਾ ਨਹੀਂ ਰਿਹਾ। ਇਸ ਲਈ ਵਿਧਾਇਕਾਂ ਦੀ ਖਰੀਦੋ-ਫਰੋਖ਼ਤ ਦੇ ਦੋਸ਼ਾਂ ਦੀ ਉੱਚ ਪੱਧਰੀ



ਜਾਂਚ ਹਾਈ ਕੋਰਟ ਦੇ ਮੌਜੂਦਾ ਜੱਜ ਤੋਂ ਕਰਵਾਈ ਜਾਵੇ। ਉਨ੍ਹਾਂ ਕਿਹਾ ਕਿ ਜਾਂਚ ਵਿੱਚ ਦੁੱਧ ਦਾ ਦੁੱਧ ਅਤੇ ਪਾਣੀ ਦਾ ਪਾਣੀ ਹੋ ਜਾਵੇਗਾ। ਇਸ ਦੇ ਨਾਲ ਹੀ ਆਮ ਆਦਮੀ ਪਾਰਟੀ ਦੀ ਪੋਲ ਵੀ ਖੁੱਲ੍ਹ ਜਾਵੇਗੀ। ਸ਼ਰਮਾ ਨੇ ਦੱਸਿਆ ਕਿ ਪਿਛਲੇ ਦਿਨੀਂ ਕੈਬਨਿਟ ਮੰਤਰੀ ਫੌਜਾ ਸਿੰਘ ਸਰਾਰੀ ਦੀ ਆਡੀਓ ਵਾਇਰਲ ਹੋਈ ਸੀ। ਇਸ ਵਿੱਚ ਉਹ ਭ੍ਰਿਸ਼ਟਾਚਾਰ ਬਾਰੇ ਗੱਲ ਕਰਦੇ ਸੁਣੇ ਜਾ ਰਹੇ ਹਨ। ਇਸ ਤੋਂ ਸਾਫ ਹੈ ਕਿ 'ਆਪ' 'ਚ ਕਿਸ ਤਰ੍ਹਾਂ ਭ੍ਰਿਸਟਾਚਾਰ ਚੱਲ ਰਿਹਾ ਹੈ ਅਤੇ ਪਾਰਟੀ ਸਿਰਫ ਇਮਾਨਦਾਰੀ ਦਾ ਡਰਾਮਾ ਕਰ ਰਹੀ ਹੈ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਨੇ ਇਸ ਮਾਮਲੇ ਵਿੱਚ ਕਾਰਵਾਈ ਕਰਨਾ ਤਾਂ ਦੂਰ ਦੀ ਗੱਲ, ਜਾਂਚ ਵੀ ਸ਼ੁਰੂ ਨਹੀਂ ਕੀਤੀ ਹੈ। ਇਸ ਤੋਂ ਸਾਫ਼ ਹੈ ਕਿ 'ਆਪ' ਦੇ ਸਾਰੇ ਆਗੂ ਅੰਦਰਖਾਤੇ ਮਿਲੇ ਹੋਏ ਹਨ। ਇਸ ਲਈ ਸਾਰੇ ਮਾਮਲਿਆਂ ਦੀ ਨਿਰਪੱਖ ਜਾਂਚ ਬੇਹੱਦ ਜ਼ਰੂਰੀ ਹੈ। ਭਾਜਪਾ ਆਗੂਆਂ ਨੇ ਇਸ ਸਬੰਧੀ ਇੱਕ ਸ਼ਿਕਾਇਤ ਸੂਬੇ ਦੇ ਡੀਜੀਪੀ ਵੀ ਸੌਂਪੀ ਹੈ। ਉਨ੍ਹਾਂ ਦੋਸ਼ ਲਾਇਆ ਕਿ 'ਆਪ' ਸਰਕਾਰ ਰਾਘਵ ਚੱਢਾ ਨੂੰ ਮੁੱਖ ਮੰਤਰੀ ਬਣਾਉਣ ਦੀ ਕੋਸ਼ਿਸ਼ ਵਿੱਚ ਹੈ, ਇਸ ਲਈ ਅਰਵਿੰਦ ਕੇਜਰੀਵਾਲ ਸਾਰਾ ਡਰਾਮਾ ਰਚ ਰਿਹਾ ਹੈ ਤਾਂ ਜੋ ਲੋਕਾਂ ਦਾ ਧਿਆਨ ਅਸਲ ਮੁੱਦਿਆਂ ਅਤੇ ਸਰਕਾਰ ਦੀਆਂ ਨਾਕਾਮੀਆਂ ਤੋਂ ਭਟਕਾਇਆ ਜਾਵੇ। ਵਫਦ ਵਿੱਚ ਸਾਬਕਾ ਡੀਜੀਪੀ ਸਰਬਦੀਪ ਸਿੰਘ ਵਿਰਕ, ਜੀਵਨ ਗੁਪਤਾ, ਡਾ. ਸੁਭਾਸ਼ ਸ਼ਰਮਾ, ਰਾਜੇਸ਼ ਬਾਘਾ, ਜਸਰਾਜ ਸਿੰਘ ਆਦਿ ਸ਼ਾਮਲ ਸਨ।

## ਟੋਰਾਂਟੋ ਦੇ ਸਵਾਮੀ ਨਰਾਇਣ ਮੰਦਿਰ ਦੀ ਦੀਵਾਰ ਉਪਰ ਖਾਲਿਸਤਾਨ ਦੇ ਨਾਅਰੇ ਲਿਖੇ

ਟੋਰਾਂਟੋ-ਕੈਨੇਡਾ 'ਚ ਖਾਲਿਸਤਾਨੀ ਕੱਟੜਪੰਥੀਆਂ ਨੇ ਟੋਰਾਂਟੋ ਦੇ ਪ੍ਰਮੁੱਖ ਬੀਏਪੀਐੱਸ ਸਵਾਮੀਨਾਰਾਇਣ ਮੰਦਰ ਦੀ ਕੰਧ 'ਤੇ ਭਾਰਤ ਵਿਰੋਧੀ ਨਾਅਰੇ ਲਿਖ ਦਿੱਤੇ। ਇਸ ਘਟਨਾ ਨੂੰ ਨਫ਼ਰਤੀ ਅਪਰਾਧ ਕਰਾਰ ਦਿੰਦਿਆਂ ਇਥੇ ਭਾਰਤੀ ਮਿਸ਼ਨ ਨੇ ਕੈਨੇਡੀਅਨ ਅਧਿਕਾਰੀਆਂ ਨੂੰ ਦੋਸ਼ੀਆਂ ਖ਼ਿਲਾਫ਼ ਤੁਰੰਤ ਕਾਰਵਾਈ ਕਰਨ ਦੀ ਅਪੀਲ ਕੀਤੀ ਹੈ। ਮੰਦਿਰ ਵਿੱਚ ਖਾਲਿਸਤਾਨੀ ਨਾਅਰੇ ਲਿਖਣ ਦੀ ਘਟਨਾ ਕਦੋਂ ਵਾਪਰੀ, ਇਸ ਬਾਰੇ ਅਜੇ ਤੱਕ ਪਤਾ ਨਹੀਂ ਲੱਗ ਸਕਿਆ ਹੈ। ਸੰਸਦ ਮੈਂਬਰ ਚੰਦਰ ਆਰਿਆ ਨੇ ਟਵੀਟ ਕੀਤਾ,"ਟਰਾਂਟੋ ਦੇ ਬੀਏਪੀਐੱਸ ਸ੍ਰੀ ਸਵਾਮੀਨਾਰਾਇਣ ਮੰਦਰ ਨੂੰ ਕੈਨੇਡੀਅਨ ਖਾਲਿਸਤਾਨੀ ਕੱਟੜਵਾਦੀਆਂ ਵੱਲੋਂ ਨੁਕਸਾਨ ਪਹੁੰਚਾਏ ਜਾਣ ਦੀ ਸਾਰਿਆਂ ਨੂੰ ਨਿਖੇਧੀ ਕਰਨੀ ਚਾਹੀਦੀ ਹੈ। ਇਹ ਇਕੱਲੀ ਘਟਨਾ ਨਹੀਂ ਹੈ। ਕੈਨੇਡਾ 'ਚ ਮੰਦਰਾਂ ਨੂੰ ਪਿਛਲੇ ਕੁਝ ਸਮੇਂ ਤੋਂ ਅਜਿਹੇ ਨਫ਼ਰਤੀ ਅਪਰਾਧਾਂ ਰਾਹੀਂ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਕੈਨੇਡਾ ਦੇ ਹਿੰਦੂ ਅਜਿਹੇ ਕਾਰਿਆਂ ਤੋਂ ਫਿਕਰਮੰਦ ਹਨ।" ਬਰੈਂਪਟਨ ਦੱਖਣ ਤੋਂ ਸੰਸਦ ਮੈਂਬਰ ਸੋਨੀਆ ਸਿੱਧੂ ਨੇ ਘਟਨਾ 'ਤੇ ਹੈਰਾਨੀ ਜਤਾਉਂਦਿਆਂ ਟਵੀਟ ਕੀਤਾ ਕਿ ਮੰਦਰ 'ਚ ਵਾਪਰੀ ਘਟਨਾ ਤੋਂ ਉਹ ਪ੍ਰੇਸ਼ਾਨ ਹੈ।

## ਪੰਜਾਬ ਵਿਚ ਇੱਟਾਂ ਦੇ ਭੱਠੇ ਬੰਦ ਹੋਣ ਕਾਰਣ ਉਸਾਰੀ ਦਾ ਕੰਮਕਾਜ ਠੱਪ

ਚੰਡੀਗੜ੍ਹ-ਪੰਜਾਬ ਵਿਚ ਇੱਟਾਂ ਦੇ ਭੱਠੇ ਬੰਦ ਪਏ ਹਨ ਅਤੇ ਇਸੇ ਦੌਰਾਨ ਰੇਤਾ, ਬਜਰੀ ਦੇ ਭਾਅ ਵੀ ਵਧਣ ਲੱਗੇ ਹਨ। ਉਪਰੋਂ ਰੇਤੇ ਦੀ ਨਵੀਂ ਖੁਦਾਈ ਦਾ ਕੰਮ ਵੀ ਲਟਕ ਗਿਆ ਹੈ। ਆਮ ਲੋਕ ਪ੍ਰੇਸ਼ਾਨ ਹਨ ਅਤੇ ਮਜ਼ਦੂਰ ਬੇਰੁਜ਼ਗਾਰੀ ਮਾਰ ਹੇਠ ਆ ਗਏ ਹਨ। ਪੰਜਾਬ 'ਚ ਉਸਾਰੀ ਦਾ ਕੰਮ ਪ੍ਰਭਾਵਿਤ ਹੋਣ ਲੱਗਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਪੰਜਾਬ ਵਿੱਚ ਤਕਰੀਬਨ 2600 ਭੱਠੇ ਹਨ, ਜਿਨ੍ਹਾਂ 'ਚੋਂ 1700 ਭੱਠੇ ਵਰਕਿੰਗ ਹਨ। ਹੁਣ ਸਾਰੇ ਭੱਠਾ ਮਾਲਕਾਂ ਨੇ 12 ਸਤੰਬਰ ਤੋਂ ਇੱਟਾਂ ਦੇ ਭੱਠੇ ਬੰਦ ਕੀਤੇ ਹੋਏ ਹਨ। ਇਹ ਹੜਤਾਲ 17 ਸਤੰਬਰ ਤੱਕ ਚੱਲਣੀ ਹੈ। ਭੱਠਾ ਮਾਲਕਾਂ ਦੀ



ਐਸੋਸੀਏਸ਼ਨ ਦੇ ਸੂਬਾ ਖਜ਼ਾਨਚੀ ਪਰਮਜੀਤ ਸਿੰਘ ਸੰਧੂ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਭੱਠਿਆਂ 'ਤੇ ਜੀਐੱਸਟੀ ਛੇ ਫੀਸਦੀ ਤੋਂ ਵਧਾ ਕੇ 12 ਫੀਸਦੀ ਕਰ ਦਿੱਤਾ ਹੈ, ਜਿਸ ਦਾ ਸਿੱਧਾ ਬੋਝ ਆਮ ਲੋਕਾਂ 'ਤੇ ਪੈਣਾ ਹੈ। ਉਨ੍ਹਾਂ ਕਿਹਾ ਕਿ ਇਸੇ ਰੋਸ ਵਿੱਚ ਭੱਠੇ ਬੰਦ ਕੀਤੇ ਗਏ ਹਨ ਤਾਂ ਜੋ ਆਮ ਲੋਕਾਂ ਨੂੰ ਇਸ ਨਵੀਂ ਬਿਪਤਾ ਤੋਂ ਜਾਣੂ ਕਰਾਇਆ ਜਾ ਸਕੇ। ਭੱਠਾ ਮਾਲਕ ਮਨਪ੍ਰੀਤ ਸਿੰਘ ਰਾਮਪੁਰਾ ਆਖਦੇ ਹਨ ਕਿ ਭੱਠੇ ਬੰਦ ਹੋਣ ਕਰ ਕੇ ਉਸਾਰੀ ਦੇ ਕੰਮ ਰੁਕ ਗਏ ਹਨ ਅਤੇ ਸਰਕਾਰੀ ਵਿਕਾਸ ਕਾਰਜ ਵੀ ਪ੍ਰਭਾਵਿਤ ਹੋਣ ਲੱਗੇ ਹਨ। ਬੇਸ਼ੱਕ ਇਨ੍ਹਾਂ ਦਿਨਾਂ ਵਿੱਚ ਭੱਠਿਆਂ ਦਾ 'ਆਫ ਸੀਜ਼ਨ' ਹੁੰਦਾ ਹੈ ਪ੍ਰੰਤੂ ਫਿਰ ਵੀ ਹਰੇਕ ਭੱਠੇ ਤੋਂ ਔਸਤਨ 10 ਹਜ਼ਾਰ ਰੋਜ਼ਾਨਾਂ ਇੱਟਾਂ ਦੀ ਵਿਕਰੀ ਹੁੰਦੀ ਹੈ ਜੋ ਕਿ ਪੀਕ ਸੀਜ਼ਨ 'ਚ 30 ਹਜ਼ਾਰ ਰੋਜ਼ਾਨਾ ਤੋਂ ਜ਼ਿਆਦਾ ਦੀ ਵਿਕਰੀ ਹੁੰਦੀ ਹੈ। ਸ਼ਹਿਰੀ ਖੇਤਰ ਵਿੱਚ ਉਸਾਰੀ ਪ੍ਰਾਜੈਕਟ 'ਤੇ ਵੀ ਪ੍ਰਭਾਵ ਪੈਣ ਲੱਗਿਆ ਹੈ। ਜਾਣਕਾਰੀ ਮੁਤਾਬਕ ਪੇਂਡੂ ਵਿਕਾਸ ਦੇ ਜੋ ਸਰਕਾਰੀ ਕਾਰਜ ਚੱਲ ਰਹੇ ਸਨ, ਉਨ੍ਹਾਂ ਵਿੱਚ ਵੀ ਖੜੋਤ ਆ ਗਈ ਹੈ। ਪੰਜਾਬ ਵਿੱਚ ਇਸ ਵੇਲੇ ਇੱਟਾਂ ਦਾ ਭਾਅ ਵੀ 6200 ਰੁਪਏ ਤੋਂ ਲੈ ਕੇ ਸੱਤ ਹਜ਼ਾਰ ਰੁਪਏ ਪ੍ਰਤੀ ਹਜ਼ਾਰ ਤੱਕ ਦਾ ਹੈ। ਮੁਹਾਲੀ, ਜ਼ੀਰਕਪੁਰ ਤੇ ਰੋਪੜ ਦੇ ਇਲਾਕੇ ਵਿੱਚ ਭੱਠੇ ਬੰਦ ਹੋਣ ਦਾ ਖਾਸ ਅਸਰ ਦਿੱਖਣ ਲੱਗਿਆ ਹੈ।

## ਆਪ ਵਿਧਾਇਕਾਂ ਦੀ ਖਰੀਦੋ ਫਰੋਖਤ ਬਾਰੇ ਜਾਂਚ ਸੀ ਬੀ ਆਈ ਤੋਂ ਕਰਵਾਈ ਜਾਵੇ-ਮਜੀਠੀਆ

ਅੰਮ੍ਰਿਤਸਰ-ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਨੇ ਮੰਗ ਕੀਤੀ ਹੈ ਕਿ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਵੱਲੋਂ ਭਾਜਪਾ 'ਤੇ 'ਆਪ' ਵਿਧਾਇਕਾਂ ਦੀ ਖਰੀਦੋ ਫਰੋਖ਼ਤ ਕਰਨ ਦੇ ਲਾਏ ਦੋਸ਼ਾਂ ਦੀ ਸੀਬੀਆਈ ਅਤੇ ਈਡੀ ਜਾਂਚ ਹੋਣੀ ਚਾਹੀਦੀ ਹੈ।



ਮੀਡੀਆ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਕਦੇ ਵੀ ਇਸ ਪੱਧਰ 'ਤੇ ਰਿਸ਼ਵਤਖੋਰੀ ਦੇ ਦੋਸ਼ ਨਹੀਂ ਲੱਗੇ, ਇਸ ਲਈ ਇਹ ਕੇਸ ਕੇਂਦਰੀ ਏਜੰਸੀਆਂ ਹਵਾਲੇ ਕੀਤਾ ਜਾਣਾ ਚਾਹੀਦਾ ਹੈ ਤੇ ਇਸ ਮਾਮਲੇ 'ਤੇ ਹਾਈਕੋਰਟ ਦੀ ਨਿਗਰਾਨੀ ਹੇਠ ਜਾਂਚ ਹੋਣੀ ਚਾਹੀਦੀ ਹੈ। ਸ੍ਰੀ ਮਜੀਠੀਆ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਵੀ ਅਪੀਲ ਕੀਤੀ ਹੈ ਕਿ ਇਸ ਮਾਮਲੇ ਦੀ ਡੂੰਘਾਈ ਨਾਲ ਜਾਂਚ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਅਕਾਲੀ ਦਲ ਆਪਣੇ ਵੱਲੋਂ ਇਸ ਮਾਮਲੇ 'ਤੇ ਭਲਕੇ ਚੰਡੀਗੜ੍ਹ ਪੁਲੀਸ ਕੋਲ ਸ਼ਿਕਾਇਤ ਦਰਜ ਕਰਵਾਏਗਾ।

ਓਸ਼ਨ ਵਿਊ ਫਿਸ਼ ਕੈਨਰੀ
OCEAN VIEW FISH CANNERY
ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।
- ਰਾਈਡ ਦਾ ਪੂਰਾ ਪੂਰਾ ਪ੍ਰਬੰਧ ਹੈ।
- ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਤੇ ਹੁਣੇ ਲੱਗਣ ਲਈ ਫੋਨ ਕਰੋ।
ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।
ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।

604-594-0616

# ਅਕਾਲੀ ਦਲ ਦੇ ਜਥੇਬੰਦਕ ਢਾਂਚੇ ਦੇ ਗਠਨ ਲਈ ਨਿਗਰਾਨ ਤੇ ਕੋਆਰਡੀਨੇਟਰ ਨਿਯੁਕਤ

## ਇਯਾਲੀ ਤੇ ਜਗਮੀਤ ਬਰਾੜ ਨੂੰ ਨਹੀ ਦਿੱਤੀ ਕੋਈ ਜ਼ਿੰਮੇਵਾਰੀ

ਚੰਡੀਗੜ੍ਹ-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪਾਰਟੀ ਦੇ ਜਥੇਬੰਦਕ ਢਾਂਚੇ ਦੇ ਮੁੜ ਗਠਨ ਲਈ ਸੂਬਾ ਤੇ ਜ਼ਿਲ੍ਹਾ ਪੱਧਰੀ ਨਿਗਰਾਨ ਅਤੇ ਤਾਲਮੇਲ ਕਮੇਟੀ ਦੇ ਮੁਖੀ ਨਿਯੁਕਤ ਕੀਤੇ ਹਨ। ਪਾਰਟੀ ਦੇ ਜਥੇਬੰਦਕ ਢਾਂਚੇ ਵਿੱਚ ਭਵਿੱਖੀ ਤਬਦੀਲੀਆਂ ਤੇ ਚੋਣਾਂ ਦੇ ਐਲਾਨ ਤੋਂ ਬਾਅਦ ਅਕਾਲੀ ਦਲ ਨੇ ਇਹ ਨਿਯੁਕਤੀਆਂ ਕੀਤੀਆਂ ਹਨ। ਬਾਗੀ ਮੰਨੇ ਜਾਂਦੇ ਦਾਖਾ ਹਲਕੇ ਤੋਂ ਵਿਧਾਇਕ






ਮਨਪ੍ਰੀਤ ਸਿੰਘ ਇਯਾਲੀ ਅਤੇ ਜਗਮੀਤ ਸਿੰਘ ਬਰਾੜ ਨੂੰ ਨਵੀਆਂ ਨਿਯੁਕਤੀਆਂ ਵਿੱਚ ਥਾਂ ਨਹੀਂ ਦਿੱਤੀ ਗਈ। ਪਾਰਟੀ ਵੱਲੋਂ ਜੋ ਬਲਵਿੰਦਰ ਸਿੰਘ ਭੂੰਦੜ ਮੁੱਖ ਸੂਬਾਈ ਨਿਗਰਾਨ ਹੋਣਗੇ ਅਤੇ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ, ਗੁਲਜ਼ਾਰ ਸਿੰਘ ਰਣੀਕੇ, ਬੀਬੀ ਜਗੀਰ ਕੌਰ ਅਤੇ ਅਨਿਲ ਜੋਸ਼ੀ ਸੂਬਾ ਨਿਗਰਾਨ ਦੀ ਜ਼ਿੰਮੇਵਾਰੀ ਨਿਭਾਉਣਗੇ। ਡਾ. ਦਲਜੀਤ ਸਿੰਘ ਚੀਮਾ ਨੂੰ ਤਾਲਮੇਲ ਕਮੇਟੀ ਦੀ ਜ਼ਿੰਮੇਵਾਰੀ ਦਿੱਤੀ ਗਈ ਹੈ। ਜ਼ਿਲ੍ਹਾ ਅਬਜ਼ਰਵਰਾਂ ਵਿੱਚ ਬਿਕਰਮ ਸਿੰਘ ਮਜੀਠੀਆ ਨੂੰ ਅੰਮ੍ਰਿਤਸਰ (ਸ਼ਹਿਰੀ), ਲਖਬੀਰ ਸਿੰਘ ਲੋਧੀਨੰਗਲ ਅਤੇ ਹਰਮੀਤ ਸਿੰਘ ਸੰਧੂ ਨੂੰ ਅੰਮ੍ਰਿਤਸਰ (ਦਿਹਾਤੀ), ਸਿਕੰਦਰ ਸਿੰਘ ਮਲੂਕਾ ਤੇ ਪ੍ਰਕਾਸ਼ ਚੰਦ ਗਰਗ ਨੂੰ ਪਟਿਆਲਾ, ਜਨਮੇਜਾ ਸਿੰਘ ਸੇਖੋਂ ਨੂੰ ਮੋਗਾ, ਮਹੇਸ਼ਇੰਦਰ ਸਿੰਘ ਗਰੇਵਾਲ ਨੂੰ ਰੋਪੜ, ਸ਼ਰਨਜੀਤ ਸਿੰਘ ਢਿੱਲੋਂ ਨੂੰ ਜਲੰਧਰ (ਦਿਹਾਤੀ), ਗੁਲਜ਼ਾਰ ਸਿੰਘ ਰਣੀਕੇ ਤੇ ਵੀਰ ਸਿੰਘ ਲੋਪੋਕੇ ਨੂੰ ਗੁਰਦਾਸਪੁਰ, ਸੁਰਜੀਤ ਸਿੰਘ ਰੱਖੜਾ ਨੂੰ ਫਤਹਿਗੜ੍ਹ ਸਾਹਿਬ, ਹੀਰਾ ਸਿੰਘ ਗਾਬੜੀਆ ਨੂੰ ਪੁਲੀਸ ਜ਼ਿਲ੍ਹਾ ਖੰਨਾ, ਪਰਮਬੰਸ ਸਿੰਘ ਬੰਟੀ ਰੋਮਾਣਾ ਤੇ ਕੰਵਰਜੀਤ ਸਿੰਘ ਰੋਜ਼ੀ ਬਰਕੰਦੀ ਨੂੰ ਬਰਨਾਲਾ, ਇਕਬਾਲ ਸਿੰਘ ਝੂੰਦਾਂ ਤੇ ਨੁਸਰਤ ਇਕਰਾਮ ਖਾਂ ਨੂੰ ਸੰਗਰੂਰ ਤੇ ਮਾਲੇਰਕੋਟਲਾ, ਵਰਦੇਵ ਸਿੰਘ ਮਾਨ ਤੇ ਹਰਪ੍ਰੀਤ ਸਿੰਘ ਕੋਟਭਾਈ ਨੂੰ ਬਠਿੰਡਾ, ਬਲਦੇਵ ਸਿੰਘ ਮਾਨ ਤੇ ਹਰਦੀਪ ਸਿੰਘ ਡਿੰਪੀ ਢਿੱਲੋਂ ਨੂੰ ਮਾਨਸਾ, ਗੁਰਪ੍ਰਤਾਪ ਸਿੰਘ ਵਡਾਲਾ ਨੂੰ ਫਰੀਦਕੋਟ, ਜੀਤਮਹਿੰਦਰ ਸਿੰਘ ਸਿੱਧੂ ਨੂੰ ਸ੍ਰੀ ਮੁਕਤਸਰ ਸਾਹਿਬ, ਗੁਰਪ੍ਰੀਤ ਸਿੰਘ ਰਾਜੂ ਖੰਨਾ ਨੂੰ ਮੁਹਾਲੀ, ਸੋਹਣ ਸਿੰਘ ਠੰਡਲ ਨੂੰ ਤਰਨ ਤਾਰਨ, ਪਵਨ ਕੁਮਾਰ ਟੀਨੂੰ ਤੇ ਰਵੀਕਰਨ ਸਿੰਘ ਕਾਹਲੋਂ ਨੂੰ ਹੁਸ਼ਿਆਰਪੁਰ, ਤੀਰਥ ਸਿੰਘ ਮਾਹਲਾ ਨੂੰ ਪੁਲੀਸ ਜ਼ਿਲ੍ਹਾ ਜਗਰਾਉਂ, ਸੁਰਿੰਦਰ ਸਿੰਘ ਠੇਕੇਦਾਰ ਨੂੰ ਸ਼ਹੀਦ ਭਗਤ ਸਿੰਘ ਨਗਰ, ਡਾ. ਸੁਖਵਿੰਦਰ ਸੁੱਖੀ ਨੂੰ ਜਲੰਧਰ (ਸਹਿਰੀ), ਗੁਰਬਚਨ ਸਿੰਘ ਬੱਬੇਹਾਲੀ ਤੇ ਰਾਜ ਕੁਮਾਰ ਗੁਪਤਾ ਨੂੰ ਪਠਾਨਕੋਟ, ਮਨਤਾਰ ਸਿੰਘ ਬਰਾੜ ਨੂੰ ਫਾਜ਼ਿਲਕਾ, ਵਿਰਸਾ ਸਿੰਘ ਵਲਟੋਹਾ ਨੂੰ ਫਿਰੋਜ਼ਪੁਰ, ਐਨਕੇ ਸ਼ਰਮਾ ਨੂੰ ਲੁਧਿਆਣਾ (ਸ਼ਹਿਰੀ), ਜਗਬੀਰ ਸਿੰਘ ਬਰਾੜ ਤੇ ਬਰਜਿੰਦਰ ਸਿੰਘ ਬਰਾੜ ਨੂੰ ਕਪੂਰਥਲਾ ਜ਼ਿਲ੍ਹੇ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ।

# ਲੁਧਿਆਣਾ ਕੇਂਦਰੀ ਜੇਲ੍ਹ ਤੋਂ ਮੁਹਿੰਮ ਦਾ ਆਗਾਜ਼

(ਸਫ਼ਾ 3 ਦੀ ਬਾਕੀ)

ਨਾਲ ਭੋਜਨ ਦਾ ਆਨੰਦ ਲੈ ਸਕਣਗੇ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਜੇਲ੍ਹਾਂ ਨੂੰ ਅਸਲ 'ਸੁਧਾਰ ਘਰ' ਬਣਾ ਰਹੀ ਹੈ ਤਾਂ ਕਿ ਕੈਦੀਆਂ ਨੂੰ ਹਕੀਕੀ ਰੂਪ 'ਚ ਸੁਧਾਰਿਆ ਜਾ ਸਕੇ ਅਤੇ ਉਹ ਜੇਲ੍ਹ 'ਚੋਂ ਰਿਹਾਈ ਮਗਰੋਂ ਆਮ ਜੀਵਨ ਬਤੀਤ ਕਰ ਸਕਣ। ਉਨ੍ਹਾਂ ਕਿਹਾ ਕਿ ਇਹ ਪਰਿਵਾਰਕ ਮੁਲਾਕਾਤਾਂ ਸੂਬੇ ਦੀਆਂ 23 ਜੇਲ੍ਹਾਂ ਵਿੱਚ ਸ਼ੁਰੂ ਕੀਤੀਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਫਰਨੀਚਰ ਅਤੇ ਹੋਰ ਬੁਨਿਆਦੀ ਸਹੂਲਤਾਂ ਨਾਲ ਲੈਸ ਕਮਰੇ ਵਿੱਚ ਕੈਦੀਆਂ/ਹਵਾਲਾਤੀਆਂ ਨੂੰ ਆਪਣੇ ਪੰਜ ਰਿਸ਼ਤੇਦਾਰਾਂ ਨਾਲ ਇੱਕ ਘੰਟਾ ਬਿਤਾਉਣ ਲਈ ਦਿੱਤਾ ਜਾਵੇਗਾ। ਇਸ ਸਹੂਲਤ ਦਾ ਲਾਭ ਲੈਣ ਲਈ ਸਬੰਧਤ ਪਰਿਵਾਰ ਵੱਲੋਂ ਪੰਜਾਬ ਜੇਲ੍ਹ ਵਿਭਾਗ ਦੀ ਅਧਿਕਾਰਤ ਵੈੱਬਸਾਈਟ 'ਤੇ ਆਨਲਾਈਨ ਅਪਲਾਈ ਕੀਤਾ ਜਾ ਸਕਦਾ ਹੈ ਜਾਂ ਕੈਦੀ ਜੇਲ੍ਹ ਅਧਿਕਾਰੀਆਂ ਨਾਲ ਸੰਪਰਕ ਕਰ ਸਕਦੇ ਹਨ। ਇਸ ਦੌਰਾਨ ਕੈਬਨਿਟ ਮੰਤਰੀ ਹਰਜੋਤ ਬੈਂਸ ਨੇ ਭਾਜਪਾ ਦੇ 'ਅਪਰੇਸ਼ਨ ਕਮਲ' ਦੇ ਹਵਾਲੇ ਨਾਲ ਪੁੱਛੇ ਸਵਾਲ ਦੇ ਜਵਾਬ ਵਿੱਚ ਕਿਹਾ ਕਿ ਸੀਬੀਆਈ ਤੇ ਈਡੀ ਭਾਜਪਾ ਦੀਆਂ ਏਜੰਸੀਆਂ ਹਨ। ਈਡੀ ਦਾ ਪੂਰਾ ਨਾਂ ਦਾ ਐਨਫੋਰਸਮੈਂਟ ਪੌਲਟਿਕਸ ਹੋਣਾ ਚਾਹੀਦਾ ਹੈ। ਸਪੈਸ਼ਲ ਡੀਜੀਪੀ (ਜੇਲ੍ਹਾਂ) ਹਰਪ੍ਰੀਤ ਸਿੰਘ ਸਿੱਧੂ ਨੇ ਦੱਸਿਆ ਕਿ ਸਾਰੀਆਂ ਮਹਿਲਾ ਕੈਦੀਆਂ ਅਤੇ ਹਵਾਲਾਤੀਆਂ ਨੂੰ ਹਰ ਮਹੀਨੇ ਪਰਿਵਾਰ ਨਾਲ ਮਿਲਣ ਦੀ ਸਹੂਲਤ ਦਿੱਤੀ ਜਾਵੇਗੀ।

# ਕੈਪਟਨ ਭਾਜਪਾ 'ਚ ਹੋਣਗੇ ਸ਼ਾਮਿਲ



ਚੰਡੀਗੜ੍ਹ-ਪੰਜਾਬ ਦੇ ਸਾਬਕਾ ਮੁੱਖ ਮੰਤਰੀ ਅਤੇ ਪੰਜਾਬ ਲੋਕ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਅਗਲੇ ਹਫਤੇ ਭਾਜਪਾ ਵਿੱਚ ਸ਼ਾਮਲ ਹੋਣਗੇ। ਪਾਰਟੀ ਬੁਲਾਰੇ ਨੇ ਦੱਸਿਆ ਕਿ ਸਾਬਕਾ ਮੁੱਖ ਮੰਤਰੀ ਇਸ ਨਾਲ ਆਪਣੀ ਪਾਰਟੀ ਵੀ ਭਾਜਪਾ 'ਚ ਰਲਾ ਮਿਲਾ ਲੈਣਗੇ। ਉਹ ਦਿੱਲੀ 'ਚ ਪਾਰਟੀ ਪ੍ਰਧਾਨ ਜੇਪੀ ਨੱਢਾ ਅਤੇ ਹੋਰ ਨੇਤਾਵਾਂ ਦੀ ਮੌਜੂਦਗੀ 'ਚ ਭਾਜਪਾ 'ਚ ਸ਼ਾਮਲ ਹੋਣਗੇ।





# .ਗ਼ਜ਼ਲ ਮੰਚ ਸਰੀ ਵੱਲੋਂ ਮਨ ਮਾਨ ਦੀ ਪੁਸਤਕ 'ਰਾਵੀ ਦੀ ਰੀਝ' ਰਿਲੀਜ਼ ਕੀਤੀ ਗਈ

ਸਰੀ (ਹਰਦਮ ਮਾਨ)-ਗ਼ਜ਼ਲ ਮੰਚ ਸਰੀ ਦੀ ਮੀਟਿੰਗ ਨਾਮਵਰ ਸ਼ਾਇਰ ਜਸਵਿੰਦਰ ਦੀ ਪ੍ਰਧਾਨਗੀ ਹੇਠ ਮੰਚ ਦੇ ਦਫਤਰ ਵਿਚ ਹੋਈ। ਇਸ ਮੀਟਿੰਗ ਵਿਚ ਪੰਜਾਬੀ ਕਵਿੱਤਰੀ ਮਨ ਮਾਨ ਦਾ ਗ਼ਜ਼ਲ ਸੰਗ੍ਰਹਿ 'ਰਾਵੀ ਦੀ ਰੀਝ' ਰਿਲੀਜ਼ ਕੀਤੀ ਗਈ। ਇਸ ਪੁਸਤਕ ਬਾਰੇ ਵਿਚਾਰ ਪੇਸ਼ ਕਰਦਿਆਂ ਜਸਵਿੰਦਰ ਨੇ ਕਿਹਾ ਕਿ ਮਨ ਮਾਨ ਦੀ ਸ਼ਾਇਰੀ ਗ਼ਜ਼ਲ ਦੀ ਦੁਨੀਆ ਵਿਚ ਇਕਦਮ ਪ੍ਰਗਟ ਹੋਈ ਹੈ। 'ਰਾਵੀ ਦੀ ਰੀਝ' ਮਨ ਮਾਨ ਦੇ ਕਾਵਿ ਸਫ਼ਰ ਦਾ ਪਹਿਲਾ ਪੜਾਅ ਹੈ। ਇਸ ਕਿਤਾਬ ਵਿਚ ਉਹਦੀ ਚੇਤਨਾ ਦੇ ਧਰਾਤਲ 'ਤੇ ਵਿਛੀਆਂ ਤਿੱਖੀਆਂ ਧੁੱਪਾਂ, ਹਨੇਰੀਆਂ, ਠੰਡੀਆਂ ਛਾਵਾਂ ਤੇ ਕਿਣਮਿਣੀਆਂ ਦਾ ਦਿਲ ਨੂੰ ਛੂਹਣ ਵਾਲਾ ਵਰਣਨ ਹੈ। ਸੰਵੇਦਨਾਵਾਂ ਤੇ ਭਾਵਨਾਵਾਂ ਦੀ ਨਿਰਮਲ ਪੇਸ਼ਕਾਰੀ ਉਹਦਾ ਹਾਸਲ ਵੀ ਹੈ ਤੇ ਚੰਗੇਰੇ ਭਵਿੱਖ ਦੀ ਜ਼ਾਮਨ ਵੀ। ਇਸ ਕਿਤਾਬ ਨੂੰ ਜੀ ਆਇਆਂ ਕਹਿੰਦਿਆਂ ਰਾਜਵੰਤ ਰਾਜ, ਕ੍ਰਿਸ਼ਨ ਭਨੋਟ, ਦਵਿੰਦਰ ਗੌਤਮ, ਪ੍ਰੀਤ ਮਨਪ੍ਰੀਤ, ਹਰਦਮ ਮਾਨ ਅਤੇ ਦਸ਼ਮੇਸ਼ ਗਿੱਲ ਫ਼ਿਰੋਜ਼ ਨੇ ਮਨ ਮਾਨ ਦੇ ਦ੍ਰਿਸ਼ਟੀਕੋਣ ਤੇ ਸ਼ਿਲਪਕਾਰੀ ਵਿਚ ਹੋਰ ਨਿਖਾਰ ਆਉਣ ਦੀ ਕਾਮਨਾ ਕੀਤੀ।

# ਕੈਨੇਡੀਅਨ ਗਦਰੀ ਯੋਧਿਆਂ ਦੀ ਗੈਲਰੀ ਵਿਚ ਨਵੇਂ ਚਿਤਰਾਂ ਦਾ ਉਦਘਾਟਨ 17 ਸਤੰਬਰ ਨੂੰ



ਸਰੀ (ਹਰਦਮ ਮਾਨ)-ਨਾਮਵਰ ਚਿੱਤਕਾਰ ਜਰਨੈਲ ਸਿੰਘ ਵੱਲੋਂ ਚਿਤਰੇ ਗਏ ਕੈਨੇਡੀਅਨ ਗਦਰੀ ਯੋਧਿਆਂ ਦੇ ਨਵੇਂ ਚਿਤਰਾਂ ਦਾ ਉਦਘਾਟਨ 17 ਸਤੰਬਰ ਨੂੰ ਗੁਰਦੁਆਰਾ ਸ੍ਰੀ ਸਿੰਘ ਸਭਾ, (8115 , 132 ਸਟਰੀਟ) ਸਰੀ ਵਿਖੇ ਸ਼ਾਮ 5.30 ਵਜੇ ਰਹਿਰਾਸ ਸਾਹਿਬ ਦੀ ਸਮਾਪਤੀ ਬਾਦ ਹੋਵੇਗਾ। ਗੁਰਦੁਆਰਾ ਸਾਹਿਬ ਦੀ ਇਹ ਗੈਲਰੀ ਉਹਨਾਂ ਕੈਨੇਡੀਅਨ ਗਦਰੀ ਯੋਧਿਆਂ ਦੀ ਯਾਦ ਨੂੰ ਸਮਰਪਿਤ ਹੈ ਜਿਹਨਾਂ ਨੇ ਕੈਨੇਡਾ ਤੋਂ ਹਿੰਦੋਸਤਾਨ ਜਾ ਕੇ ਆਜ਼ਾਦੀ ਵਾਸਤੇ ਜਦੋਜਹਿਦ ਕੀਤੀ, ਫਾਂਸੀਆਂ ਦੇ ਰੱਸੇ ਚੁੰਮੇ, ਉਮਰ ਕੈਦਾਂ ਕੱਟੀਆਂ ਤੇ ਕਾਲੇ ਪਾਣੀ ਦੀਆਂ ਸਜ਼ਾਵਾਂ ਝੱਲਣ ਦੇ ਨਾਲ ਨਾਲ ਆਪਣੀਆਂ ਜਾਇਦਾਦਾਂ ਜ਼ਬਤ ਕਰਵਾਈਆਂ, ਜੂਹ ਬੰਦੀ ਤੇ ਜੇਲਾਂ ਵਿਚ ਤਸੀਹੇ ਝੱਲੇ। ਇਸ ਗੈਲਰੀ ਵਿਚ ਪਹਿਲਾਂ ਸ਼ੁਸ਼ੋਭਿਤ ਕੀਤੇ ਗਏ ਇਹਨਾਂ ਮਹਾਨ ਸ਼ਹੀਦਾਂ ਦੇ ਚਿਤਰ ਵੀ ਉਘੇ ਚਿਤਰਕਾਰ ਜਰਨੈਲ ਸਿੰਘ ਨੇ ਚਿਤਰੇ ਹਨ। ਗੁਰਦੁਆਰਾ ਪ੍ਰਬੰਧਕਾਂ ਨੇ ਇਨ੍ਹਾਂ ਮਹਾਨ 40 ਸ਼ਹੀਦਾਂ ਤੇ ਦੇਸ਼ ਭਗਤਾਂ ਦੀ ਯਾਦ ਨੂੰ ਸਮਰਪਿਤ ਇਸ ਚਿਤਰ ਗੈਲਰੀ ਦੇ ਉਦਘਾਟਨ ਵਿਚ ਸ਼ਮੂਲੀਅਤ ਕਰਨ ਅਤੇ ਮਹਾਨ ਦੇਸ਼ ਭਗਤਾਂ ਨੂੰ ਸ਼ਰਧਾਂਜਲੀ ਪੇਸ਼ ਕਰਨ ਲਈ 17 ਸਤੰਬਰ ਨੂੰ ਗੁਰਦਵਾਰਾ ਸ੍ਰੀ ਸਿੰਘ ਸਭਾ ਵਿਖੇ ਹਾਜ਼ਰੀਆਂ ਭਰਨ ਦੀ ਅਪੀਲ ਕੀਤੀ ਹੈ। ਤੇ ਇਹਨਾਂ ਗਦਰੀ ਯੋਧਿਆਂ ਦੀ ਯਾਦ ਨੂੰ ਅਪਣੇ ਮਨ ਵਿਚ ਵਸਾਓ ਤੇ ਬਚਿਆਂ ਨੂੰ ਵੀ ਇਹਨਾਂ ਨਾਲ ਸਾਂਝ ਪਵਾਓ। ਵਰਨਣਯੋਗ ਹੈ ਕਿ ਚਿੱਤਰਕਾਰ ਜਰਨੈਲ ਸਿੰਘ ਨੇ ਕਾਮਾਗਾਟਾਮਾਰੂ ਦੇ ਇਤਹਾਸ ਨੂੰ ਵੀ ਬਾਖ਼ੂਬੀ ਚਿਤਰਿਆ ਹੈ ਅਤੇ ਉਨ੍ਹਾਂ ਵੱਲੋਂ ਬਣਾਏ ਗਦਰੀ ਯੋਧਿਆਂ ਦੇ ਚਿਤਰ ਗੁਰਦੁਆਰਾ ਸ੍ਰੀ ਸਿੰਘ ਸਭਾ ਦੇ ਯਤਨਾਂ ਸਦਕਾ ਕੇਂਦਰੀ ਸਿੱਖ ਅਜਾਇਬਘਰ, ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਵੀ 2020 ਵਿਚ ਸਥਾਪਤ ਕੀਤੇ ਜਾ ਚੁੱਕੇ ਹਨ।

# ਪੰਜਾਬ ਭਵਨ ਸਰੀ ਵਲੋਂ ਸਾਹਿਤ ਤੇ ਸਭਿਆਚਾਰਕ ਸੰਮੇਲਨ-4 ਪਹਿਲੀ ਅਕਤੂਬਰ ਨੂੰ

ਸਰੀ- ਪੰਜਾਬ ਭਵਨ ਸਰੀ ਦੇ ਸੰਸਥਾਪਕ ਸ੍ਰੀ ਸੁੱਖੀ ਬਾਠ ਵਲੋਂ ਪ੍ਰੈਸ ਨੂੰ ਜਾਰੀ ਇਕ ਬਿਆਨ ਵਿਚ ਕਿਹਾ ਗਿਆ ਹੈ ਕਿ ਪੰਜਾਬ ਭਵਨ ਸਰੀ ਕੈਨੇਡਾ ਪਿਛਲੇ ਕਈ ਸਾਲਾਂ ਤੋਂ ਦੁਨੀਆਂ ਭਰ ਵਿੱਚ ਵੱਸਦੇ ਪੰਜਾਬੀਆਂ ਵਿਚਾਲੇ ਇੱਕ ਸਾਂਝ ਦਾ ਪੁੱਲ ਬਨਾਉਣ ਲਈ ਯਤਨਸ਼ੀਲ ਹੈ।ਜਿਸ ਵਿੱਚ ਅਸੀਂ ਕਾਫ਼ੀ ਹੱਦ ਤੱਕ ਸਫਲ ਵੀ ਹੋ ਚੁੱਕੇ ਹਾਂ।ਇਸੇ ਲੜੀ ਨੂੰ ਹੋਰ ਪੱਕਾ ਕਰਦੇ ਹੋਏ ਅਸੀਂ ਇਹ ਖਬਰ ਸਾਂਝੀ ਕਰਦਿਆਂ ਬੜੀ ਖੁਸ਼ੀ ਅਤੇ ਮਾਣ ਮਹਿਸੂਸ ਕਰ ਰਹੇ ਹਾਂ ਕਿ ਪੰਜਾਬ ਭਵਨ ਸਰੀ ਕੈਨੇਡਾ ਆਪਣਾ ਸਲਾਨਾ ਸਾਹਿਤ ਅਤੇ ਸਭਿਆਚਾਰਕ ਸੰਮੇਲਨ-4, ਇੱਕ-ਦੋ ਅਕਤੂਬਰ 2022 ਨੂੰ ਆਯੋਜਿਤ ਕਰਨ ਜਾ ਰਿਹਾ ਹੈ। ਇਸ ਸੰਮੇਲਨ ਦੌਰਾਨ ਨਿਵੇਕਲੇ ਵਿਸ਼ਿਆਂ ਉੱਪਰ ਮਾਹਿਰ ਵਿਦਵਾਨ ਚਰਚਾ ਕਰਨਗੇ। ਇਹ ਮੁੱਖ ਵਿਸ਼ੇ ਹਨ-1.ਬਲਿਹਾਰੀ ਕੁਦਰਤਿ ਵਸਿਆ, 2.ਕੌਮਾਂਤਰੀ ਪੰਜਾਬੀ ਸਮਾਜ ਦਾ ਸੰਕਲਪ, 3.ਕੈਨੇਡੀਅਨ ਪੰਜਾਬੀ ਕਲਾਵਾਂ ਅਤੇ ਸੰਚਾਰ ਮਾਧਿਅਮ, 4.ਕੈਨੇਡਾ ਦਾ ਪੰਜਾਬੀ ਸਾਹਿਤ, 5.ਸਾਹਿਤ ਦਾ ਸਿਆਸੀ ਪਰਿਪੇਖ। ਸੁੱਖੀ ਬਾਠ ਹੁਰਾਂ ਨੇ ਸਮੂਹ ਪੰਜਾਬੀ ਪਿਆਰਿਆਂ ਨੂੰ ਇਸ ਸਮਾਗਮ ਵਿੱਚ ਸ਼ਾਮਿਲ ਹੋਣ ਲਈ ਖੁੱਲਾ ਸੱਦਾ ਦਿੱਤਾ ਹੈ।

# ਨਿਵੇਕਲੀ ਸੁਰ ਵਾਲੇ ਗਾਇਕ ਕਾਕਾ ਦਾ ਪਹਿਲਾ ਸ਼ੋਅ ਰਿਹਾ ਕਾਮਯਾਬ

ਸਰੀ- ਇਸ ਐਤਵਾਰ ਉਭਰਦੇ ਗਾਇਕ ਤੇ ਨਿਵੇਕਲੀ ਸੁਰ ਵਾਲੇ ਕਲਾਕਾਰ ਕਾਕਾ ਦਾ ਸ਼ੋਅ ਦਾਣਾ ਪਾਣੀ ਸਟੂਡੀਓ ਤੇ ਸ਼ਾਹੀ



ਕੇਟਰਿੰਗ ਵਲੋਂ ਕਰਵਾਇਆ ਗਿਆ ਜਿਸਨੂੰ ਦਰਸ਼ਕਾਂ ਵਿਸ਼ੇਸ਼ ਕਰਕੇ ਨੌਜਵਾਨ ਵਰਗ ਵਲੋਂ ਭਰਵਾਂ ਹੁੰਗਾਰਾ ਦਿੱਤਾ ਗਿਆ। ਕਾਲੇ ਜੇ ਲਿਬਾਲ ਦੀ ਸ਼ੌਕੀਨ ਕੁੜੀ-ਦੂਰ ਦੂਰ ਰਹੇ ਮੇਰੇ ਕਾਲੇ ਰੰਗ ਤੋਂ ਤੇ ਹੋਰ ਕਈ ਦਿਲਾਂ ਨੂੰ ਟੁੰਬਣ ਵਾਲੇ ਗੀਤਾਂ ਨਾਲ ਨੌਜਵਾਨ ਦਿਲਾਂ ਤੇ ਦਸਤਖਤ ਦੇਣ ਵਾਲੇ ਕਾਕੇ ਨੇ ਆਪਣੇ ਇਕ ਤੋ ਬਾਦ ਇਕ ਗੀਤ ਤੇ ਦਰਸ਼ਕਾਂ ਤੇ ਸਰੋਤਿਆਂ ਦੀ ਪਸੰਦ ਦੇ ਗੀਤ ਸੁਣਾਏ ਜਿਹਨਾਂ ਉਪਰ ਦਰਸ਼ਕ ਗੁਣਗੁਣਾਉਂਦੇ ਤੇ ਤਾੜੀਆਂ ਲਗਾਉਂਦੇ ਰਹੇ। ਕਾਕੇ ਦੇ ਗੀਤਾਂ ਉਪਰ ਐਰਿਕਾ ਗਿੱਲ ਢੀਂਡਸਾ ਦੀ ਗਿੱਧੇ ਦੀ ਟੀਮ ਵਾਲੀਆਂ ਮੁਟਿਆਰਾਂ ਨੇ ਸੁਰ ਤੇ ਤਾਲ ਨਾਲ ਸੋਹਣਾ ਤੇ ਦਿਲਕਸ਼ਵਾਂ ਪ੍ਰਦਰਸ਼ਨ ਕੀਤਾ। ਮੁੱਖ ਮਹਿਮਾਨ ਵਜੋ ਐਮ ਪੀ ਤੇ ਮੇਅਰ ਲਈ ਉਮੀਦਵਾਰ ਸੁੱਖ ਧਾਲੀਵਾਲ ਤੇ ਉਘੇ ਬਿਜਨੈਸਮੈਨ ਦਿਲਜੀਤ ਥਿੰਦ ਨੇ ਸ਼ਮੂਲੀਅਤ ਕੀਤੀ। ਦਾਣਾ ਪਾਣੀ ਸਟੂਡੀਓ ਦੇ ਸੀਈਓ ਤੇ ਸ਼ੋਅ ਦੇ ਪ੍ਰਬੰਧਕ ਅੰਮ੍ਰਿਤਜੀਤ ਸਿੰਘ ਸਰਾਂ ਨੇ ਸ਼ੋਅ ਲਈ ਲੋਕਾਂ ਵਲੋ ਦਿੱਤੇ ਗਏ ਭਰਵੇਂ ਹੁੰਗਾਰੇ ਲਈ ਧੰਨਵਾਦ ਕੀਤਾ। ਦਰਸ਼ਕਾਂ ਤੇ ਨੌਜਵਾਨ ਪੀੜੀ ਵਲੋ ਵਿਖਾਏ ਭਰਵੇਂ ਉਤਸ਼ਾਹ ਕਾਰਣ ਜਿਥੇ ਸ਼ੋਅ ਸੋਲਡ ਆਉਟ ਰਿਹਾ ਉਥੇ ਗਾਇਕ ਕਾਕਾ ਨੇ ਕੈਨੇਡਾ ਵਿਚ ਆਪਣੇ ਪਹਿਲੇ ਸ਼ੋਅ ਨਾਲ ਕਈ ਯਾਦਾਂ ਨੂੰ ਜੋੜਿਆ। ਕਾਕਾ ਨੇ ਆਪਣੇ ਸਾਰੇ ਹਿਟ ਗੀਤ- ਕਹਿ ਲੈਣ ਦੇ , ਨਿਸ਼ਾਨੀ, ਟੈਂਪਰੇਰੀ ਪਿਆਰ, ਕਾਲੇ ਜੇ ਲਿਬਾਸ ਦੀ ਸੌਕੀਨਣ ਕੁੜੀ, ਤੀਜੀ ਸੀਟ, ਤੈਨੂੰ ਕੀ ਖਬਰਾਂ ਤੇ ਹੀਰੇ ਜਿਹੇ ਯਾਰ ਆਦਿ ਤੋਂ ਇਲਾਵਾ ਦਰਸ਼ਕਾਂ ਦੀ ਸਿਫਰਾਸ਼ ਉਪਰ ਕਈ ਹੋਰ ਗੀਤ ਸੁਣਾਕੇ ਸ਼ੋਅ ਨੂੰ ਯਾਦਗਾਰੀ ਬਣਾ ਦਿੱਤਾ।

GAGAN NAHAL CRIMINAL LAWYER
ਗਗਨ ਨਾਹਲ ਕ੍ਰਿਮੀਨਲ ਵਕੀਲ
ਬੀ. ਸੀ, ਅਲਬਰਟਾ, ਮੈਨੀਟੋਬਾ ਅਤੇ ਓਨਟਾਰੀਓ ਦੀਆਂ ਕੋਰਟਾ ਵਿਚ ਕਈ ਕੇਸ ਜਿੱਤ ਚੁੱਕੇ ਹਨ

- Homicide
- Assault Charges
- Driving Offences
- Drug Charges
- Theft/Fraud
- Harrassment
- Sexual Assault
- Kidnaping
- Uttering Threats
- Firearm Offences

Successfully represented clients in BC, Alberta, Manitoba & Ontario

- ਹਮਲੇ ਦੇ ਕੇਸ
- ਕਤਲ ਦੇ ਕੇਸ
- ਡਰਾਈਵਿੰਗ ਦੇ ਕੇਸ
- ਡੱਰਗ ਚਾਰਜ
- ਚੋਰੀ/ਫਰਾਡ
- ਹਰਾਸਮੈਂਟ
- ਸੈਕਸ਼ੂਅਲ ਅਸਾਲਟ
- ਅਗਵਾ ਕਰਨ ਦੇ ਕੇਸ
- ਧਮਕੀਆਂ ਅਤੇ ਜਾਨੋਂ ਮਾਰਨ ਦੀਆਂ ਧਮਕੀਆਂ
- ਹਥਿਆਰਾਂ ਦੇ ਕੇਸ

ਅਸੀਂ ਪੰਜਾਬੀ ਤੇ ਹਿੰਦੀ ਬੋਲਦੇ ਹਾਂ

ਅੱਜ ਹੀ ਮੁਫਤ ਸਲਾਹ ਲਈ ਸੰਪਰਕ ਕਰੋ
GAGAN NAHAL
Ph: 604-527-4769
Email: gagan@gagannahal.com
Website: www.gagannahal.com
#202-6625-152A Street Surrey, BC



*We Can Help You Sell Your House!*

**Satvir Cheema**
**604-240-9148**



CENTURY 21 Coastal Realty Ltd.

#105-7928 128th St.,
Surrey, BC, V3W 4E8

satvir.cheema@century21.ca



PUNJAB LINK
# ਪੰਜਾਬ ਲਿੰਕ
ਸ਼ਨਿਚਰਵਾਰ, 17 ਸਤੰਬਰ, 2022

ਰਿਅਲ ਅਸਟੇਟ | REAL ESTATE

www.punjablinkpaper.com 604-503-5465



*For All Your Real Estate Needs*


**Amrik Cheema**
*PREC
**604-369-7000**

CENTURY 21 Coastal Realty Ltd.



#105-7928 128th St.,
Surrey, BC, V3W 4E8

info@amrikcheema.com

# ਵੈਨਕੂਵਰ ਵਿਚਾਰ ਮੰਚ ਵੱਲੋਂ ਪਾਲ ਢਿੱਲੋਂ ਦੀ ਪੁਸਤਕ 'ਜਗਦਾ ਰਹੀਂ ਵੇ ਦੀਵਿਆ' ਰਿਲੀਜ਼

ਸਰੀ (ਹਰਦਮ ਮਾਨ)-ਵੈਨਕੂਵਰ ਵਿਚਾਰ ਮੰਚ ਵੱਲੋਂ ਕੈਨੇਡੀਅਨ ਪੰਜਾਬੀ ਸ਼ਾਇਰ ਪਾਲ ਢਿੱਲੋਂ ਦਾ ਗ਼ਜ਼ਲ ਸੰਗ੍ਰਹਿ 'ਜਗਦਾ ਰਹੀਂ ਵੇ ਦੀਵਿਆ' ਬੀਤੇ ਦਿਨ ਇਕ ਵਿਸ਼ੇਸ਼ ਮੀਟਿੰਗ ਦੌਰਾਨ ਰਿਲੀਜ਼ ਕੀਤਾ ਗਿਆ। ਇਸ ਗ਼ਜ਼ਲ ਸੰਗ੍ਰਹਿ ਲਈ ਪਾਲ ਢਿੱਲੋਂ ਨੂੰ ਮੁਬਾਰਕਬਾਦ ਦਿੰਦਿਆਂ ਸ਼ਾਇਰ ਮੋਹਨ ਗਿੱਲ ਨੇ ਕਿਹਾ ਕਿ ਪਾਲ ਢਿੱਲੋਂ ਪ੍ਰਗਤੀਸ਼ੀਲ ਵਿਚਾਰਧਾਰਾ ਦਾ ਸ਼ਾਇਰ ਹੈ। ਆਪਣੀ ਸ਼ਾਇਰੀ ਰਾਹੀਂ ਉਹ ਭਖਦੇ ਸਮਾਜਿਕ ਮਸਲਿਆਂ ਨੂੰ ਬਾਖ਼ੂਬੀ ਬਿਆਨ ਕਰਦਾ ਹੈ। ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ, ਜਰਨੈਲ ਸਿੰਘ ਆਰਟਿਸਟ, ਨਾਵਲਕਾਰ ਨਛੱਤਰ ਗਿੱਲ, ਹਰਦਮ ਮਾਨ, ਮਹਿੰਦਰ ਪਾਲ ਸਿੰਘ ਪਾਲ, ਕਾਮਰੇਡ ਨਵਰੂਪ ਸਿੰਘ, ਛਿੰਦਾ ਢਿੱਲੋਂ, ਅੰਗਰੇਜ਼ ਬਰਾੜ, ਪਰਮਜੀਤ ਗਿੱਲ ਅਤੇ ਠਾਣਾ ਸਿੰਘ ਨੇ ਵੀ ਇਸ ਖ਼ੂਬਸੂਰਤ ਸ਼ਾਇਰੀ ਦਾ ਸਵਾਗਤ ਕਰਦਿਆਂ ਪਾਲ ਢਿੱਲੋਂ ਨੂੰ ਵਧਾਈ ਦਿੱਤੀ। ਪਾਲ ਢਿੱਲੋਂ ਨੇ ਵੈਨਕੂਵਰ ਵਿਚਾਰ ਮੰਚ ਅਤੇ ਹਾਜ਼ਰ ਦੋਸਤਾਂ ਦਾ ਧੰਨਵਾਦ ਕੀਤਾ।


**Offering Services For All Your Business and Real Estate Needs**

- Buying / Selling Businesses
- Conveyancing
- Restorations of Dissolved Companies
- Business Contracts
- Builder's Liens
- Commercial Lease Agreements
- Wills & Powers of Attorney
- Representation Agreements
- Property Sub-Divisions
- Contract Disputes

HUGHES & COMPANY
LAW CORPORATION



www.hughesco.com CEDRIC HUGHES
**604.602.1828**

*HEAD OFFICE:*
**VANCOUVER**
**505-777 W. BROADWAY**



SUNNY SANGHA • PERSONAL REAL ESTATE CORPORATION

## 14317 31A AVENUE, SURREY




Architectural elegance at it's finest; this West Vancouver-inspired property is located within the prestigious Elgin Park Estates neighborhood in South Surrey. This extravagant home portrays the unique blend of timeless sophistication and secluded park-style living. Sitting on approximately 14,000 sqft of land, this property offers 6488 sqft of luxurious living space; meticulous by design, it features four opulent bedrooms upstairs and similarly one spacious bedroom on the main floor. The kitchen is equipped with Miele appliances throughout and features a beautiful transparent wine cabinet. Furthermore, the property possesses an abundance of outdoor entertainment space in conjunction with a designated theatre room, gymnasium, games room, and bar. Call now to book your private showing!

## #92 15111 EDMUND DRIVE




Welcome to Townsend! This beautiful unit is one of the largest in the entire complex, boasting 1,976 sq ft. of living space. Built in 2019 by award-winning builder, Polygon, this beautiful townhome features 4 spacious bedrooms - 3 on the top floor, and 1 on the ground floor as guest quarters, 3.5 bathrooms, as well as a grand main floor which includes a large family room and separate dining area. The guest quarters on the ground floor feature a spacious bedroom and a full bathroom, and a double side-by-side garage. In addition to the double garage, there are an additional two parking spots outside. The home has been exceptionally maintained by its current owners. Call to book your private showing today.

## UNIT 2808 13615 FRASER HWY




Welcome to King George Hub, built by PCI is one of the most sought-after locations in central Surrey. Move in or Invest in the fastest-growing city in BC. This bright north-facing unit is located in the master-planned community with all of your needs at your doorstep. The unit is finished with laminate flooring, quartz countertops, and wall-to-wall windows for natural light. The unit has one parking, one storage locker, and an already paid-for EV charger.

## LOT B 20444 46A AVENUE, LANGLEY




9000 sqft lot available to build your dream home in Langley City's one of the best pockets. You can build a 3 story house on a flat rectangular lot. The location is close to all shopping and the newly approved sky train.

## LOT A 33734 MAYFAIR AVENUE, SURREY

Welcome to Central Abbotsford this brand new three-lot subdivision. The lots will be ready to build in 4-6 months. You can build a 3600sqft home.



Sunny Sangha
**604-356-5555**

SUNNY SANGHA

CENTURY 21

Ram Johal
**604-356-5555**



www.sunnysangha.com | info@sunnysangha.com

## ਸਿਟੀ ਆਫ ਸਰੀ ਦੀਆਂ ਚੋਣਾਂ

# ਸ਼ਹਿਰ ਲਈ ਪਾਰਦਰਸ਼ੀ ਪ੍ਰਸਾਸ਼ਨ ਲੋਚਦਾ ਹੈ-ਅਰਸ਼ ਮੰਡੇਰ

ਜਿਉਂ ਜਿਉਂ ਸਿਟੀ ਆਫ਼ ਸਰੀ ਦੀਆਂ ਚੋਣਾਂ ਨਜ਼ਦੀਕ ਆ ਰਹੀਆਂ ਹਨ ਤਿਵੇਂ ਤਿਵੇਂ ਸ਼ਹਿਰ ਦਾ ਰਾਜਨੀਤਕ ਮਾਹੌਲ ਗਰਮ ਹੁੰਦਾ ਜਾ ਰਿਹਾ ਹੈ। ਭਾਵੇਂ ਲੋਕਤੰਤਰੀ ਪ੍ਰਕਿਰਿਆ ਵਿੱਚ ਚੋਣ ਲੜਨ ਵਾਲਾ ਹਰ ਵਿਅਕਤੀ ਹੀ ਰਾਜਨੀਤਕ ਹੁੰਦਾ ਹੈ ਪਰ ਸਿਟੀ ਦੀਆਂ ਚੋਣਾਂ ਵਿੱਚ ਰਾਜਨੀਤੀ ਬਹੁਤਾ ਕਰਤਬ ਨਹੀਂ ਵਿਖਾ ਸਕਦੀ ਕਿਉਂਕਿ ਇੱਥੇ ਚੋਣ ਲੜਨ ਵਾਲੇ ਵਿਅਕਤੀ ਦੀ ਸ਼ਖ਼ਸੀਅਤ, ਉਸ ਦਾ ਪਿਛੋਕੜ, ਰਾਜਨੀਤਕ ਨਜ਼ਰੀਆ ਤੇ ਸ਼ਹਿਰ ਦੇ ਭਵਿੱਖ ਲਈ ਉਸ ਦਾ ਵਿਜ਼ਨ ਮਹਿਣੇ ਰੱਖਦੇ ਹਨ।

ਇਹ ਠੀਕ ਹੈ ਕਿ ਰਾਜਨੀਤਕ ਧਿਰਾਂ ਦਾ ਪ੍ਰਭਾਵ ਵੀ ਕਿਤੇ ਨਾ ਕਿਤੇ ਅਸਰਅੰਦਾਜ਼ ਹੁੰਦਾ ਹੈ ਪਰ ਇਸ ਕਦਰ ਨਹੀਂ ਕਿ ਉਹ ਕੋਈ ਫ਼ੈਸਲਾਕੁੰਨ ਰੋਲ ਅਦਾ ਕਰ ਸਕੇ। ਸ਼ਹਿਰ ਵਿੱਚ ਹੁਣ ਤੱਕ ਕਰੀਬ () ਗਰੁੱਪ ਚੋਣ ਪਿੜ ਵਿੱਚ ਕੁੱਦ ਚੁੱਕੇ ਹਨ ਜਿਨ੍ਹਾਂ ਵਿਚ ਵੱਡੇ ਰਾਜਨੀਤਕ ਕੱਦ ਰੱਖਣ ਵਾਲੇ ਲੋਕ ਵੀ ਸ਼ਾਮਲ ਹਨ, ਬੁੱਧੀਜੀਵੀ ਤੇ ਕਾਰੋਬਾਰੀ ਵੀ ਸ਼ਾਮਲ ਹਨ ਜੋ ਵਿੰਗੇ ਟੇਢੇ ਢੰਗ ਨਾਲ ਆਪਣੇ ਏਜੰਡੇ ਨੂੰ ਅੱਗੇ ਵਧਾ ਰਹੇ ਹਨ ਪਰ ਇਸ ਭੀੜ ਵਿੱਚ ਅਜਿਹੇ ਲੋਕ ਵੀ ਚੋਣ ਪਿੜ ?ਦਾ ਹਿੱਸਾ ਹਨ ਜਿਨ੍ਹਾਂ ਦਾ ਇੱਕ ਨੁਕਾਤੀ ਪ੍ਰੋਗਰਾਮ ਮਹਿਜ਼ ਸ਼ਹਿਰ ਦਾ ਵਿਕਾਸ ਅਤੇ ਉਨ੍ਹਾਂ ਕਮੀਆਂ ਨੂੰ ਦੂਰ ਕਰਨਾ ਹੈ ਜੋ ਸ਼ਹਿਰ ਦੀ ਵਿਕਾਸ ਵਾਲੀ ਗੱਡੀ ਨੂੰ ਲੀਹ ਤੋਂ ਭਟਕਾਉਂਦੇ ਹਨ।

ਭੀੜ ਵਿਚ ਨਜ਼ਰ ਮਾਰਿਆਂ ਮੇਰੀ ਮੁਲਾਕਾਤ ਅਚਾਨਕ ਇੱਕ ਭੋਲੀ ਜਿਹੀ ਸੂਰਤ ਵਾਲੇ ਪੰਜਾਬੀ ਨੌਜਵਾਨ ਅਰਸ਼ ਮੰਡੇਰ ਨਾਲ ਹੋਈ ਜੋ 'ਸਰੀ ਫਾਰਵਰਡ' ਸਲੇਟ ਦੇ ਬੈਨਰ ਅਧੀਨ 'ਜਿਨੀ ਸਿਮਸ' ਦੀ ਅਗਵਾਈ ਹੇਠ ਕੌਂਸਲਰ ਉਮੀਦਵਾਰ ਵੱਜੋਂ ਕਿਸਮਤ ਅਜ਼ਮਾ ਰਿਹਾ ਹੈ। ਗੱਲਬਾਤ ਕੀਤਿਆਂ ਮੈਨੂੰ ਉਸਦਾ ਵਿਜ਼ਨ ਤੇ ਸ਼ਹਿਰ ਦੀਆਂ ਸਮੱਸਿਆਵਾਂ/ਲੋੜਾਂ ਪ੍ਰਤੀ ਪਹੁੰਚ ਰਵਾਇਤੀ ਸਿਆਸਤਦਾਨਾਂ ਤੋਂ ਹਟਵੀਂ ਜਾਪੀ। ਅਰਸ਼ ਮੰਡੇਰ ਦਾ ਕਹਿਣਾ ਹੈ ਕਿ ਮੈਂ ਇੱਕ ਸਧਾਰਨ ਪਰਿਵਾਰ ਚੋਂ ਹਾਂ ਤੇ ਇਕ ਆਮ ਸ਼ਹਿਰੀ ਨੂੰ ਕਿਨਾ ਹਾਲਾਤਾਂ ਚੋ ਗੁਜ਼ਰਨਾ ਪੈਂਦਾ ਹੈ ਇਹ ਮੈਂ ਹੱਡੀਂ ਹੰਢਾ ਚੁੱਕਾ ਹਾਂ। ਅਰਸ਼ ਕਹਿੰਦਾ ਹੈ ਕਿ ਮੈਨੂੰ ਸਿਆਸਤ ਨਹੀਂ ਆਉਂਦੀ ਤੇ ਮੈਂ ਸਿੱਖਣਾ ਵੀ ਨਹੀਂ ਚਾਹੁੰਦਾ। ਉਸਦਾ ਮੰਨਣਾ ਹੈ ਕਿ ਚੰਗੇ ਕੰਮ ਕਰਨ ਲਈ ਤੁਹਾਨੂੰ ਕਿਸੇ ਸਿਆਸਤ ਜਾਂ ਵਲ ਫ਼ੇਰ ਦੀ ਜਰੂਰਤ ਨਹੀਂ ਹੋ ਸਕਦੀ ਜੇ ਜਰੂਰਤ ਹੈ ਤਾਂ ਸਿਰਫ ਸਾਫ਼ ਨੀਅਤ ਦੀ ਹੈ।



ਗੱਲਬਾਤ ਨੂੰ ਅੱਗੇ ਤੋਰਿਆਂ ਅਰਸ਼ ਨੇ ਦੱਸਿਆ ਕਿ ਉਹ ਸਾਲ 2008 ਵਿਚ ਆਪਣੇ ਮਾਪਿਆਂ ਨਾਲ ਪ੍ਰਆਇਵਿਟ ਬੇਸ ਤੇ ਕੈਨੇਡਾ ਆਇਆ ਸੀ। ਪੰਜਾਬ ਦੇ ਜ਼ਿਲ੍ਹਾ ਸੰਗਰੂਰ ਦੇ ਪਿਛੋਕੜ ਵਾਲੇ ਅਰਸ਼ ਨੇ ਦੱਸਿਆ ਕਿ ਉਸਦੇ ਮਾਪੇ ਅਧਿਆਪਨ ਦੇ ਕਿੱਤੇ ਨਾ ਜੁੜੇ ਹੋਣ ਕਾਰਨ ਉਸਦਾ ਪੜ੍ਹਾਈ ਵੱਲ ਰੁਝਾਨ ਬਣਿਆ ਹੋਇਆ ਸੀ ਤੇ 12ਵੀਂ ਜਮਾਤ ਪਾਸ ਕਰਕੇ ਉਸਨੇ ਤਕਨੀਕੀ ਸਿੱਖਿਆ ਵੱਲ ਮੁਹਾਰਾਂ ਮੋੜੀਆਂ ਤੇ 239" ਤੇ "23 ਰਾਹੀਂ ਆਪਣੀ ਇੰਜਨੀਅਰਿੰਗ ਦੀ ਪੜ੍ਹਾਈ ਪੂਰੀ ਕੀਤੀ। ਅਰਸ਼ ਨੇ ਦੱਸਿਆ ਕਿ ਪੜ੍ਹਾਈ ਪੂਰੀ ਹੋਣ ਉਪਰੰਤ ਉਸਨੇ 7 ਸਾਲ ਲਗਾਤਾਰ 23 Hydro ਦੇ ਡਿਸਟਰੀਬਿਊਸ਼ਨ ਡਿਜ਼ਾਈਨ ਵਿਚ ਜੋਬ ਕੀਤੀ ਤੇ ਆਪਣੀ ਇੰਜੀਨੀਅਰਿੰਗ ਸਕਿੱਲ ਨੂੰ ਹੋਰ ਵਿਕਸਤ ਕੀਤਾ। ਇਸੇ ਤਜ਼ਰਬੇ ਦੇ ਅਧਾਰ ਤੇ ਉਸ ਨੇ ਬਹੁਤ ਸਾਰੇ ਮਿਉਂਸੀਪਲ ਤੇ ਫੈਡਰਲ ਪ੍ਰੋਜੈਕਟਾਂ ਤੇ ਕੰਮ ਕੀਤਾ ਤੇ ਇਹ ਪ੍ਰੋਜੈਕਟ ਸਫਲਤਾ ਪੂਰਵਕ ਸਿਰੇ ਵੀ ਚਾੜੇ।

ਅਰਸ਼ ਦੀ ਗੱਲਬਾਤ ਦਾ ਲਹਿਜਾ ਦੱਸਦਾ ਹੈ ਕਿ ਉਸਨੂੰ ਆਪਣੇ ਫੀਲਡ ਦਾ ਕਾਫੀ ਗਿਆਨ ਹੈ ਤੇ ਉਹ ਆਪਣੇ ਇਸੇ ਗਿਆਨ ਤੇ ਸਿਰੜ ਦੇ ਬਲਬੂਤੇ ਸਰੀ ਦੇ ਬੁਨਿਆਦੀ ਢਾਂਚੇ ਦਾ ਵਿਕਾਸ ਕਰਕੇ , ਨੌਕਰੀਆਂ ਦੇ ਵੱਧ ਮੌਕੇ ਪੈਦਾ ਕਰਕੇ ਅਤੇ ਅਜਿਹੇ ਲੋਕਾਂ ਦੇ ਸੁਪਨੇ ਪੂਰੇ ਕਰਨ ਲਈ ਕੁੱਝ ਕਰਨਾ ਲੋਚਦਾ ਹੈ ਜੋ ਇਸ ਵਿਕਸਤ ਦੇਸ਼ ਵਿੱਚ ਆਪਣੇ ਲਈ ਇੱਕ ਘਰ ਨਿਰਮਾਣ ਦੀ ਤਮੰਨਾ ਰੱਖਦੇ ਹਨ। ਅਰਸ਼ ਸੱਚਮੁੱਚ ਸਰੀ ਨੂੰ ਅੱਗੇ ਵਧਾਉਣਾ ਚਾਹੁੰਦਾ ਹੈ, ਇਸਦੇ ਵਸਨੀਕਾਂ ਲਈ ਸੇਵਾਵਾਂ ਨੂੰ ਹਰ ਵਿਅਕਤੀ ਤੱਕ ਸੌਖਿਆਂ ਪਹੁੰਚ ਯੋਗ ਬਣਾਉਣਾ ਹੈ। ਸਰੀ ਫਾਰਵਰਡ ਨਾਲ ਜੁੜਨ ਦੇ ਸਬੱਬ ਬਾਰੇ ਅਰਸ਼ ਕਹਿੰਦਾ ਹੈ ਕਿ ਉਸਨੇ ਚੋਣ ਪਿੜ ਵਿਚਲੀਆਂ ਸਾਰੀਆਂ ਧਿਰਾਂ ਨੂੰ ਚੰਗੀ ਤਰ੍ਹਾਂ ਖੰਘਾਲ ਕੇ ਵੇਖਿਆ ਸੀ ਪਰ ਉਸਨੂੰ ਜਿੰਨੀ ਸਿਮਸ ਵਿਚ ਸ਼ਹਿਰ ਦੇ ਉੱਜਲ ਭਵਿੱਖ ਲਈ ਕੁੱਝ ਕਰ ਗੁਜਰਨ ਦੀ ਚਿਣਗ ਵਿਖਾਈ ਦਿੱਤੀ, ਉਸਦਾ ਵਿਜਨ ਹੋਰਾਂ ਤੋਂ ਬਹੁਤ ਹਟਵਾ, ਉਸਾਰੂ, ਪਾਰਦਰਸ਼ੀ ਤੇ ਇਮਾਨਦਾਰ ਲੱਗਿਆ ਤੇ ਇਸੇ ਲਈ ਉਸਨੇ ਸਰੀ ਫਾਰਵਰਡ ਨਾਲ ਜੁੜਨ ਨੂੰ ਪਹਿਲ ਦਿੱਤੀ ਹੈ।

ਸ਼ਹਿਰ ਦੇ ਵਿਕਾਸ ਬਾਰੇ ਇਕ ਸਵਾਲ ਦੇ ਜੁਆਬ ਵਿੱਚ ਅਰਸ਼ ਨੇ ਕਿਹਾ ਕਿ ਮੈਂ ਮਹਿਸੂਸ ਕੀਤਾ ਕਿ ਹੁਣ ਤੱਕ ਦੀ ਸ਼ਹਿਰੀ ਸਿਆਸਤ ਨੇ ਸ਼ਹਿਰ ਨੂੰ ਅੱਗੇ ਲਿਜਾਣ ਦੀ ਬਜਾਏ ਆਪਣੇ ਨਿੱਜ ਨੂੰ ਹਮੇਸ਼ਾਂ ਅੱਗੇ ਰੱਖਿਆ ਹੈ। ਉਸ ਦਾ ਕਹਿਣਾ ਹੈ ਕਿ ਜਦੋਂ ਲੋਕ ਤੁਹਾਡੇ ਤੇ ਵਿਸ਼ਵਾਸ ਕਰਕੇ ਤੁਹਾਨੂੰ ਆਪਣੇ ਭਵਿੱਖ ਦੀ ਕੁੰਜੀ ਸੌਂਪਦੇ ਹਨ ਤਾਂ ਫਿਰ ਇਹ ਤੁਹਾਡੀ ਇੱਕ ਵੱਡੀ ਨੈਤਿਕ ਜ਼ਿੰਮੇਵਾਰੀ ਬਣ ਜਾਂਦੀ ਹੈ ਕਿ ਤੁਸੀਂ ਆਪਣਾ ਨਿੱਜ ਤਿਆਗ ਕੇ ਪੂਰੀ ਸੇਵਾ ਸਮਰੱਥਾ ਲੋਕਾਂ ਦੇ ਹਿੱਤ ਪੂਰਨ ਲਈ ਇਸਤੇਮਾਲ ਕਰੋ ਪਰ ਅਫਸੋਸ ਸਿਆਸਤ ਵਿਚ ਅਜਿਹੀ ਇਮਾਨਦਾਰ ਸੋਚ ਦੀ ਕਮੀ ਰੜਕਦੀ ਹੈ। ਅਰਸ਼ ਆਖਦਾ ਹੈ ਕਿ ਬਿਨਾਂ ਵਿਉਂਤਬੰਦੀ ਤੋਂ ਮਹਿਜ਼ ਵੋਟਾਂ ਦੇ ਲਾਲਚ ਵਿਚ ਕੀਤੇ ਵਾਅਦੇ ਬਹੁਤੇ ਉਸਾਰੂ ਸਾਬਤ ਨਹੀਂ ਹੋ ਸਕਦੇ ਕਿਉਂਕਿ ਕਿਸੇ ਵੀ ਕੰਮ ਨੂੰ ਆਰੰਭਣ ਜਾ ਉਸ ਲੋਕਾਂ ਅੱਗੇ ਰੱਖਣ ਤੋਂ ਪਹਿਲਾਂ ਜ਼ਰੂਰੀ ਹੈ ਕਿ ਉਸ ਪ੍ਰੋਜੈਕਟ ਬਾਰੇ ਪੂਰੀ ਤਰ੍ਹਾਂ ਘੋਖ ਪੜਤਾਲ ਕੀਤੀ ਜਾਵੇ, ਉਸ ਦੇ ਜਮ੍ਹਾਂ ਘਟਾਓ ਵੀ ਪਹਿਲ ਦੇ ਆਧਾਰ ਤੇ ਹੀ ਵਿਚਾਰੇ ਜਾਣ।

## ਯੂ.ਪੀ. 'ਚ ਦੋ ਭੈਣਾਂ ਨਾਲ ਬਲਾਤਕਾਰ ਉਪਰੰਤ ਕਤਲ-ਛੇ ਬਲਾਤਕਾਰੀ ਕਾਤਲ ਗ੍ਰਿਫਤਾਰ

ਲਖੀਮਪੁਰ ਖੀਰੀ-ਯੂਪੀ ਪੁਲੀਸ ਨੇ ਦੋ ਦਲਿਤ ਭੈਣਾਂ ਦੇ ਕਥਿਤ ਬਲਾਤਕਾਰ ਤੇ ਕਤਲ ਲਈ ਛੇ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਦੋਵੇਂ ਕੁੜੀਆਂ, ਜਿਨ੍ਹਾਂ ਦੀ ਉਮਰ 15 ਤੇ 17 ਸਾਲ ਹੈ, ਦੀਆਂ ਲਾਸ਼ਾਂ ਆਪਣੇ ਘਰ ਤੋਂ ਕਿਲੋਮੀਟਰ ਦੂਰ ਗੰਨੇ ਦੇ ਖੇਤ ਵਿੱਚ ਦਰੱਖਤ ਨਾਲ ਲਟਕਦੀਆਂ ਮਿਲੀਆਂ ਸਨ। ਪੀੜਤਾਂ ਦਾ ਘਰ ਨਿਗਾਸਨ ਪੁਲੀਸ ਸਟੇਸ਼ਨ ਖੇਤਰ ਅਧੀਨ ਆਉਂਦਾ ਹੈ। ਪੁਲੀਸ ਸੂਤਰਾਂ ਨੇ ਕਿਹਾ ਕਿ ਪੋਸਟ-ਮਾਰਟਮ ਰਿਪੋਰਟ ਵਿੱਚ ਨਾਬਾਲਗਾਂ ਨਾਲ ਬਲਾਤਕਾਰ ਦੀ ਪੁਸ਼ਟੀ ਹੋਈ ਹੈ ਜਦੋਂਕਿ ਮੌਤ ਦਾ ਕਾਰਨ ਗਲਾ ਘੁੱਟਣਾ ਹੈ। ਸੂਬੇ ਦੇ ਉਪ ਮੁੱਖ ਮੰਤਰੀਆਂ ਕੇਸ਼ਵ ਪ੍ਰਸਾਦ ਮੌਰਿਆ ਤੇ ਬ੍ਰਜੇਸ਼ ਪਾਠਕ ਨੇ ਕਿਹਾ ਕਿ ਸਰਕਾਰ ਪੀੜਤ ਪਰਿਵਾਰ ਨਾਲ ਖੜ੍ਹੀ ਹੈ। ਉਨ੍ਹਾਂ ਮੁਲਜ਼ਮਾਂ ਖਿਲਾਫ਼ ਸਖ਼ਤ ਕਾਰਵਾਈ ਦਾ ਭਰੋਸਾ ਦਿੱਤਾ। ਐੱਸਪੀ ਸੰਜੀਵ ਸੁਮਨ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਸ਼ੁਰੂਆਤੀ ਜਾਂਚ ਮੁਤਾਬਕ ਦੋਵੇਂ ਭੈਣਾਂ ਬੁੱਧਵਾਰ ਬਾਅਦ ਦੁਪਹਿਰ ਆਪਣੇ ਘਰੋਂ ਮੁਲਜ਼ਮਾਂ ਜੁਨੈਦ ਤੇ ਸੋਹੇਲ ਨਾਲ ਨਿਕਲੀਆਂ ਸਨ। ਉਨ੍ਹਾਂ ਕਿਹਾ, "ਜੁਨੈਦ ਤੇ ਸੋਹੇਲ ਨੇ ਕੁੜੀਆਂ ਨਾਲ ਜਬਰ-ਜਨਾਹ ਕਰਨ ਮਗਰੋਂ ਉਨ੍ਹਾਂ ਦਾ ਗਲਾ ਘੁਟਣ ਦੀ ਗੱਲ ਕਬੂਲੀ ਹੈ।" ਐੱਸਪੀ ਨੇ ਕਿਹਾ ਕਿ ਜੁਨੈਦ ਤੇ ਸੋਹੇਲ ਦੇ ਦੋਵਾਂ ਭੈਣਾਂ ਨਾਲ ਕਥਿਤ ਸਬੰਧ ਸਨ। ਸੁਮਨ ਨੇ ਕਿਹਾ, "ਅਸੀਂ ਜੁਨੈਦ, ਸੁਹੇਲ, ਹਫ਼ੀਜ਼ੁਰ ਰਹਿਮਾਨ, ਕਰੀਮੂਦੀਨ, ਆਰਿਫ਼ ਤੇ ਛੋਟੂ ਨੂੰ ਲੰਘੀ ਰਾਤ ਚਲਾਏ ਅਪਰੇਸ਼ਨ ਦੌਰਾਨ ਕਾਬੂ ਕਰ ਲਿਆ ਸੀ।" ਜੁਨੈਦ ਨੂੰ ਅੱਜ ਸਵੇਰੇ ਸਾਢੇ ਅੱਠ ਵਜੇ ਦੇ ਕਰੀਬ ਮੁਕਾਬਲੇ ਮਗਰੋਂ ਗ੍ਰਿਫ਼ਤਾਰ ਕੀਤਾ ਗਿਆ ਹੈ। ਅਪਰਾਧ ਲਈ ਵਰਤਿਆ ਮੋਟਰਸਾਈਕਲ ਵੀ ਬਰਾਮਦ ਹੋ ਗਿਆ ਹੈ। ਪੁਲੀਸ ਨੂੰ ਉਸ ਕੋਲੋਂ ਦੇਸੀ ਕੱਟਾ ਤੇ ਗੋਲੀ-ਸਿੱਕਾ ਵੀ ਮਿਲਿਆ ਹੈ। ਵਧੀਕ ਡੀਜੀਪੀ (ਕਾਨੂੰਨ ਤੇ ਵਿਵਸਥਾ) ਪ੍ਰਸ਼ਾਂਤ ਕੁਮਾਰ ਨੇ ਕਿਹਾ ਕਿ ਮੁਕਾਬਲੇ ਦੌਰਾਨ ਜੁਨੈਦ ਜ਼ਖ਼ਮੀ ਹੋ ਗਿਆ। ਉਨ੍ਹਾਂ ਕਿਹਾ, "ਦੋਵਾਂ ਭੈਣਾਂ ਦੀਆਂ ਲਾਸ਼ਾਂ ਅੰਤਿਮ ਰਸਮਾਂ ਲਈ ਪਰਿਵਾਰ ਨੂੰ ਸੌਂਪ ਦਿੱਤੀਆਂ ਹਨ।" ਐੱਸਪੀ ਨੇ ਕਿਹਾ ਕਿ ਹੋਰਨਾਂ ਮੁਲਜ਼ਮਾਂ ਦੇ ਕੱਪੜੇ ਜਾਂਚ ਲਈ ਭੇਜ ਦਿੱਤੇ ਗਏ ਹਨ। ਮੁਲਜ਼ਮਾਂ ਖਿਲਾਫ਼ ਆਈਪੀਸੀ ਦੀਆਂ ਧਾਰਾਵਾਂ 302, 323, 452, 376 ਤੇ ਪੋਕਸੋ ਐਕਟ ਤਹਿ ਕੇਸ ਦਰਜ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਪੀੜਤਾਂ ਦੀ ਮਾਂ ਨੇ ਬੁੱਧਵਾਰ ਰਾਤ ਨੂੰ ਨਿਗਾਸਨ ਕੋਤਵਾਲੀ ਪੁਲੀਸ ਸਟੇਸ਼ਨ ਵਿੱਚ ਆਪਣੀ ਧੀਆਂ ਨਾਲ ਕਥਿਤ ਬਲਾਤਕਾਰ ਤੇ ਉਨ੍ਹਾਂ ਦਾ ਕਤਲ ਕੀਤੇ ਜਾਣ ਦੀ ਸ਼ਿਕਾਇਤ ਦਰਜ ਕਰਵਾਈ ਸੀ। ਪੀੜਤਾ ਨੇ ਦਾਅਵਾ ਕੀਤਾ ਸੀ ਕਿ ਮੋਟਰਸਾਈਕਲ ਸਵਾਰ ਤਿੰਨ ਅਣਪਛਾਤੇ ਨੌਜਵਾਨ, ਜਿਨ੍ਹਾਂ ਵਿੱਚ ਉਨ੍ਹਾਂ ਦਾ ਗੁਆਂਢੀ ਛੋਟੂ ਵੀ ਸੀ, ਜਬਰੀ ਉਨ੍ਹਾਂ ਦੀ ਝੁੱਗੀ ਵਿਚ ਦਾਖ਼ਲ ਹੋਏ ਤੇ ਧੀਆਂ ਨੂੰ ਅਗਵਾ ਕਰਕੇ ਲੈ ਗਏ। ਜਦੋਂ ਉਸ ਨੇ ਵਿਰੋਧ ਕੀਤਾ ਤਾਂ ਇਨ੍ਹਾਂ ਵਿਚੋਂ ਇਕ ਨੇ ਉਸ ਨੂੰ ਠੁੱਡਾ ਮਾਰਿਆ ਤੇ ਕੁੜੀਆਂ ਨੂੰ ਮੋਟਰਸਾਈਕਲ 'ਤੇ ਬਿਠਾ ਕੇ ਪਿੰਡ ਦੇ ਬਾਹਰਵਾਰ ਖੇਤਾਂ ਵੱਲ ਲੈ ਗਏ। ਪਰਿਵਾਰ ਨੂੰ ਮਗਰੋਂ ਕੁੜੀਆਂ ਦੀਆਂ ਲਾਸ਼ਾਂ ਪਿੰਡ ਤੋਂ ਕੁਝ ਦੂਰ ਖੇਤ ਵਿਚ ਰੁਖ ਨਾਲ ਲਮਕਦੀਆਂ ਮਿਲੀਆਂ। ਜਿਵੇਂ ਹੀ ਪਿੰਡ ਵਾਸੀਆਂ ਨੂੰ ਪਤਾ ਲੱਗਾ ਤਾਂ ਉਨ੍ਹਾਂ ਨਿਗਾਸਨ ਚੌਰਾਹੇ 'ਤੇ ਧਰਨਾ ਦਿੱਤਾ।

ROHITA PANNU
LAW CORPORATION
BARRISTER & SOLICITOR




SERVICES
• ALL NOTARY PUBLIC
• WILLS & ESTATE
• RESIDENTIAL & COMMERCIAL
• REAL ESTATE BUYING & SELLING
• MORTGAGES
• DIVORCE/ FAMILY LAW

• ਨੋਟਰੀ ਸੇਵਾਵਾਂ
• ਵਸੀਅਤਨਾਮਾ
• ਘਰਾਂ ਅਤੇ ਕੇਅਰਹੋਮਜ਼ ਵਿੱਚ ਜਾ ਕੇ ਵੀ ਦਸਤਖਤ ਕਰਵਾ ਸਕਦੇ ਹਾਂ
• ਹਲਫੀਆ ਬਿਆਨ
• ਘਰਾਂ ਦੀ ਖਰੀਦੋ- ਫਰੋਖਤ
• ਮੋਰਟਗੇਜ਼
• ਤਲਾਕ (ਫੈਮਲੀ-ਲਾਅ)

Ph: 604.589.1399
Fax : 604.589.1556
www.rohitapannulaw.com
# 102-9278, 120th Street, Surrey, BC V3V 4W8

ਤਜਰਬਾ - ਇਮਾਨਦਾਰੀ - ਨਤੀਜੇ

# HUGHES & COMPANY

## LAW CORPORATION

HUGHES & COMPANY
LAW CORPORATION
www.hughesco.com

**EXPERIENCE • INTEGRITY • RESULTS**

- CONVEYANCING
- REAL ESTATE
- WILL & ESTATES
- PERSONAL INJURY
- CORPORATE
- GENERAL LITIGATION



**CEDRIC HUGHES**
LAWYER
Over 20 years serving the community




★★★★★
**4.9 STAR**
Google
**REVIEW !**

Link!
hughesco.com
*for reviews*

# 604.602.1828

MAIN OFFICE: 505-777 W. BROADWAY, VANCOUVER
SURREY OFFICE: 7164, 120 ST, SURREY ***(BY APPOINTMENT PLEASE)***
Email: cedric_hughes@hughesco.com

***AND** Service provided at Business Centres throughout the Fraser Valley and British Columbia.*

***Remote Location? No Problem. We will come to you !***

# ਪਿੰਡ ਦਾਰਾਪੁਰ ਜ਼ਿਲ੍ਹਾ ਮੋਗਾ ਦੇ ਨਗਰ ਨਿਵਾਸੀਆਂ

## ਵੱਲੋਂ ਮਹਾਨ ਤਿਆਗੀ, ਤਪੱਸਵੀ ਤੇ ਵੇਦਾਂਤੀ, ਬ੍ਰਹਮਲੀਨ ਸ੍ਰੀ ਸ੍ਰੀ 108 ਸੰਤ ਮਹੇਸ਼ ਮੁਨੀ ਜੀ ਬੋਰੇ ਵਾਲਿਆਂ ਜੀ ਦੀ ਯਾਦ ਵਿੱਚ

# ਸ੍ਰੀ ਆਖੰਡ ਪਾਠ ਸਾਹਿਬ ਜੀ

ਗੁਰੂ ਪਿਆਰੀ ਸਾਧ ਸੰਗਤ ਜੀਓ,
ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫਤਹਿ ॥

ਆਪ ਜੀ ਦੀ ਸੇਵਾ ਵਿਚ ਬੇਨਤੀ ਹੈ ਕਿ ਦਾਰਾਪੁਰ ਨਗਰ ਨਿਵਾਸੀਆਂ ਦੀ ਸਮੂੰਹ ਸੰਗਤ ਵੱਲੋਂ ਗੁਰਦੁਆਰਾ ਸਾਹਿਬ ਕੈਨੇਡੀਅਨ ਰਾਮਗੜ੍ਹੀਆ ਸੁਸਾਇਟੀ (ਬਰੁੱਕਸਾਈਡ) ਵਿਖੇ ਸ੍ਰੀ ਸ੍ਰੀ 108 ਸੰਤ ਮਹੇਸ਼ ਮੁਨੀ ਜੀ ਦੀ ਨਿੱਘੀ ਅਤੇ ਮਿੱਠੀ ਯਾਦ ਵਿਚ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਸੇਵਾ ਕਰਵਾਈ ਜਾ ਰਹੀ ਹੈ। ਸਮੂੰਹ ਨਗਰ ਨਿਵਾਸੀਆਂ ਅਤੇ ਆਲੇ-ਦੁਆਲੇ ਦੇ ਇਲਾਕੇ ਦੇ ਸਮੂੰਹ ਪਰਿਵਾਰਾਂ ਨੂੰ ਇਸ ਮੋਕੇ ਤੇ ਸ਼ਾਮਿਲ ਹੋਣ ਅਤੇ ਸੇਵਾ ਵਿੱਚ ਹੱਥ ਵਟਾਉਣ ਲਈ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ। ਇਸ ਸੰਬੰਧੀ ਪ੍ਰੋਗਰਾਮ ਹੇਠ ਲਿਖੇ ਅਨੁਸਾਰ ਹਨ।



ਸ੍ਰੀ ਸ੍ਰੀ 108 ਸੰਤ ਮਹੇਸ਼ ਮੁਨੀ ਜੀ

**ਆਰੰਭ ਸ੍ਰੀ ਆਖੰਡ ਪਾਠ ਸਾਹਿਬ : 30 ਸੰਤਬਰ, ਦਿਨ ਸੁਕਰਵਾਰ, ਸਵੇਰੇ 10 ਵਜੇ**

**ਭੋਗ ਸ੍ਰੀ ਆਖੰਡ ਪਾਠ ਸਾਹਿਬ ਜੀ : 02 ਅਕਤੂਬਰ, ਦਿਨ ਐਤਵਾਰ, ਸਵੇਰੇ 10 ਵਜੇ**

ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਪੰਥ ਪ੍ਰਸਿੱਧ ਪ੍ਰਚਾਰਕ ਸੰਤ ਜੀ ਦੇ ਜੀਵਨ ਤੇ ਵਿਸਥਾਰ ਸਹਿਤ ਚਾਨਣਾ ਪਾਉਣਗੇ।

ਵਿਸ਼ੇਸ਼ ਨੋਟ : - ਤਿੰਨੇ ਦਿਨ ਮਾਲ-ਪੂੜੇ ਤੇ ਖੀਰ ਦਾ ਲੰਗਰ ਅਤੁੱਟ ਵਰਤੇਗਾ ਜੀ।

## ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ

**ਸੁਰਿੰਦਰ ਸਿੰਘ ਸੰਧੂ**
**778-245-9100**

**ਕੁਲਵੰਤ ਸਿੰਘ ਗਿੱਲ**
**778-384-0552**

**ਗੁਰੂ ਘਰ ਦਾ ਪਤਾ : 8365-140 ਸਟਰੀਟ ਸਰੀ, ਫੋਨ: (604) 502-0602**




# ਸਰੀ 'ਚ ਕਰਵਾਇਆ 'ਮੇਲਾ ਮੁਟਿਆਰਾਂ ਦਾ' ਪ੍ਰੋਗਰਾਮ ਯਾਦਗਾਰੀ ਹੋ ਨਿੱਬੜਿਆ

## ਮੁਟਿਆਰਾਂ ਦਾ ਗਿੱਧਾ ਖਿੱਚ ਦਾ ਬਣਿਆਂ ਕੇਂਦਰ

ਵੈਨਕੂਵਰ-ਕਰੋਨਾ ਵਾਇਰਸ ਦੀ ਝੁੱਲੀ ਹਨੇਰੀ ਤੋਂ ਬਾਅਦ ਮਨੋਰੰਜਨ ਸਾਧਨਾਂ 'ਚ ਆਈ ਖੜੋਤ ਨੇ ਇੱਕ ਵਾਰ ਦਾ ਸਾਰਾ ਜਨ ਜੀਵਨ ਹਲਾ ਕੇ ਰੱਖ ਦਿੱਤਾ ਸੀ ਪਰ ਫਿਰ ਵੀ ਪੰਜਾਬੀ ਭਾਈਚਾਰੇ ਨੇ ਸਰਕਾਰ ਦੀਆਂ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਆਪਣੇ ਮਨੋਰੰਜਨ ਦੇ ਸਾਰੇ ਪ੍ਰੋਗਰਾਮ ਰੱਦ ਕਰ ਦਿੱਤੇ ਸਨ। ਸੰਨ 2022 ਸ਼ੁਰੂ ਹੁੰਦਿਆਂ ਹੀ ਪੰਜਾਬੀ ਭਾਈਚਾਰੇ ਵੱਲੋਂ ਫਿਰ ਤੋਂ ਮੇਲੇ ਕਰਵਾਉਣੇ ਸ਼ੁਰੂ ਕਰੋ ਦਿੱਤੇ ਗਏ ਹਨ। ਐਬਟਸਫੋਰਡ ਵਿਖੇ ਰੋਟਰੀ ਸਟੇਡੀਅਮ 'ਚ ਤਿੰਨ ਮੇਲੇ ਖੁੱਲ੍ਹੇ ਮੈਦਾਨ ਵਿੱਚ ਹੋ ਚੁੱਕੇ ਹਨ। ਇਸ ਤੋਂ ਬਿਨਾਂ ਮਹਿਲਾਵਾਂ ਵੱਲੋਂ ਬੀ ਸੀ 'ਚ ਕਈ ਥਾਈਂ ਤੀਆਂ ਦਾ ਤਿਉਹਾਰ ਮਨਾਇਆ ਗਿਆ। ਕਈ ਸਾਲਾਂ ਤੋਂ ਬੀ ਸੀ 'ਚ ਇਲਾਕੇ ਦੀਆਂ ਮਹਿਲਾਵਾਂ ਵੱਲੋਂ ਮਨਾਇਆ ਜਾਂਦਾ 'ਮੇਲਾ ਮੁਟਿਆਰਾਂ ਦਾ' ਨਾਂ ਨਾਲ ਪ੍ਰਸਿੱਧ ਪ੍ਰੋਗਰਾਮ ਇਸ ਸਾਲ ਵੀ ਉੱਘੀ ਟੀ ਵੀ ਰੇਡੀਓ ਪ੍ਰੋਗਰਾਮ ਸੰਚਾਲਕ ਮਨਜੀਤ ਕੌਰ ਕੰਗ ਵੱਲੋਂ ਸਮੂਹ ਮਹਿਲਾਵਾਂ ਦੇ ਸਹਿਯੋਗ ਨਾਲ ਸਰੀ ਵਿਖੇ ਕਰਵਾਇਆ ਗਿਆ। ਇਸ ਇਨਡੋਰ ਪ੍ਰੋਗਰਾਮ ਵਿੱਚ ਮਨੋਰੰਜਨ ਦੀਆਂ ਕਈ ਆਇਟਮਾਂ ਰੱਖੀਆਂ ਗਈਆਂ ਜਿਨ੍ਹਾਂ ਨੂੰ ਮੁਟਿਆਰਾਂ ਨੇ ਬੜੇ ਸੁਚੱਜੇ ਢੰਗ ਨਾਲ ਪੇਸ਼ ਕੀਤਾ। ਕਈ ਤਰਾਂ ਦੀਆਂ ਦਿਲਚਸਪ ਖੇਡਾਂ ਕਰਵਾਈਆਂ ਗਈਆਂ ਅਤੇ ਪਹਿਲੇ ਦੂਜੇ ਤੀਜੇ ਨੰਬਰ 'ਤੇ ਆਉਣ ਵਾਲੇ ਜੇਤੂਆਂ ਨੂੰ ਇਨਾਮ ਦਿੱਤੇ ਗਏ। ਗਿੱਧੇ ਬੋਲੀਆਂ ਸਿਠਣੀਆਂ ਅਤੇ ਗੀਤਾਂ ਨਾਲ ਮਹਿਫ਼ਲਾਂ ਦਾ ਵੱਡੀ ਗਿਣਤੀ 'ਚ ਆਈਆਂ ਤਮਾਮ ਮਹਿਲਾਵਾਂ ਨੇ ਖ਼ੂਬ ਅਨੰਦ ਮਾਣਿਆ। 'ਮੇਲਾ ਮੁਟਿਆਰਾਂ ਦਾ' ਪ੍ਰੋਗਰਾਮ ਦੀਆਂ ਪ੍ਰਬੰਧਕਾਂ ਵੱਲੋਂ ਸਭ ਦੇ ਸਹਿਯੋਗ ਨਾਲ ਮੇਲੇ ਦਾ ਅਨੰਦ ਮਾਨਣ ਲਈ ਆਈਆਂ ਸਮੂਹ ਮਹਿਲਾਵਾਂ ਲਈ ਚਾਹ ਆਦਿ ਤੋਂ ਬਿਨਾ ਰਾਤਰੀ ਖਾਣੇ ਦਾ ਵੀ ਪ੍ਰਬੰਧ ਕੀਤਾ ਗਿਆ।







HOMELAND MORTGAGE CORP.

ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿਚ ਕੋਈ ਮੁਸ਼ਕਲ ਆਉਂਦੀ ਹੈ ਤਾਂ ਇਕ ਵਾਰ ਸਾਨੂੰ ਜਰੂਰ ਮਿਲੋ। ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ

☑ ਪਹਿਲੀ ਵਾਰ ਘਰ ਖਰੀਦਣ ਵਾਲੇ
☑ ਰੈਜੀਡੈਂਸ਼ੀਅਲ ਮੌਰਟਗੇਜ
☑ ਕੰਸਟਰਕਸ਼ਨ ਮੌਰਟਗੇਜ
☑ ਪ੍ਰਾਈਵੇਟ ਮੌਰਟਗੇਜ
☑ ਸੈਕੰਡ ਅਤੇ ਥਰਡ ਮੌਰਟਗੇਜ

- Residential Mortgages
- Construction Mortgage
- Commercial Mortgages
- Farm Financing
- Private Mortgages
- 2nd & 3rd Mortgage

(*Conditionsapply)

Professional & Experienced
MORTGAGE CONSULTANT

Ph: 604-593-6622
Fax: 604-593-6615
Unit 204 - 7928 128 St.
(York Business Centre) Surrey
www.homelandmortgage.ca,
homelandmortgage@hotmail.com



KULDIP S PANESAR
Senior Mortgage Advisor
Cell: 604-308-6839



TSM GALLERY

High quality artwork for your home or business,
religious or public places.
We specialize in all kind of wallpaper installation.

Tejpal Singh Mann (Artist)
778-885-2197
9353 120st Delta BC (By Appointment)
www.tsmgallery.ca | www.jollyarts.ca

Mehndi(henna) , Jagua , Airbrush Body Art, Temporary Tattoo.
Learn in your spare time ,
Earn extra income gain friends
Training available .








ਵਧੀਆ
ਸੇਵਾਵਾਂ ਦੇ ਨਾਲ
ਆਪਣੇ ਘਰ ਨੂੰ
ਸੁਰੱਖਿਅਤ ਰੱਖੋ
COMPLETE
PEST
CONTROL
ਅਸੀਂ ਹੇਠ ਲਿਖੀਆਂ
ਸੇਵਾਵਾਂ ਵਿੱਚ ਮਾਹਿਰ ਹਾਂ:
• ਕੀੜੀਆਂ
• ਬੈੱਡ ਬੱਗ ਕੰਟਰੋਲ
• ਪੰਛੀ ਨਿਯੰਤਰਣ
• ਮਧੂ-ਮੱਖੀਆਂ, ਮੱਖੀਆਂ
ਅਤੇ ਹੌਰਨੇਟਸ
• ਕਾਕਰੋਚ
• ਫਲੀਜ਼ ਅਤੇ ਟਿੱਕਸ
• ਰਕੂਨ ਅਤੇ ਗਿਲਹਿਰਿਆਂ
• ਚੂਹਿਆਂ ਤੋਂ ਬਚਾਅ
• ਮੱਕੜੀਆਂ ਤੋਂ ਬਚਾਅ
• ਜੰਗਲੀ ਜੀਵਾਂ ਤੋਂ ਬਚਾਅ
Pressure
Sprayer
8Lt
ਅਮਨਪ੍ਰੀਤ ਸਿੰਘ
Certified Service Specialist
E-mail: completepestcontrol786@gmail.com
Ph: 778-970-5786

## Bank Turndown? Could be just what you need!

# Quick Private Funds

- $10,000 to $1 Million in just 24 Hours
- Up to $5 Million Available



invis
Canada's Mortgage Experts™

Call today to get started

**SANJEEV KATYAL**
**604.767.5194**
Info@katyalmortgage.ca

**WWW.KATYALMORTGAGE.CA**


ਸਪੈਸ਼ਲ ਸੇਲ !
www.dream-carpets.com
dream
carpets
Shaw FLOORS
Ansonylon
STAINMASTER CARPET
ClearTouch
from $1.98 SF
Berber Installed
Textured Saxony Installed
from $2.28 SF
Laminate Floor
8.3mm thick
25 years warranty
Click Do It Yourself
German technology
.99 cent
Commercial Carpet
Starts From .78 cent
Berber
Starts From .78 cent
Area Rug (5x8)
Starts From $68
ਘੱਟ ਕੀਮਤਾਂ ਦੀ ਗਰੰਟੀ ਕਰਦੇ ਹਾਂ
Where The Builders Buy!
NEW HOME SPECIALISTS
NOBODY KNOWS FLOORING LIKE DREAM CARPETS
SERVING WESTERN CANADA FOR OVER 38 YEARS
VANCOUVER
815 Terminal Ave.
604-687-5888
Monday to Saturday
9:00-5:30
Sunday 11:00-5:00
Ashok
SURREY / DELTA
8385 - 120th Street
604-572-8788
Monday to Saturday
9:00-5:30
Sunday Closed
Perry
RICHMOND
12180 Bridgeport Rd.
604-273-7888
Monday to Saturday
9:00-5:30
Sunday 11:00-5:00
Butch




ਲੜੀਵਾਰ ਮਹਾਂ ਕਾਵਿ

# ਕਿਸ ਬਿਧ ਲਈ ਆਜ਼ਾਦੀ

ਲੇਖਕ : ਹਰਚੰਦ ਸਿੰਘ ਬਾਗੜੀ



604.721.4363

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

### ਕਲਾਨੌਰ ਅਤੇ ਪਠਾਣਕੋਟ ਤੇ ਸਿੰਘਾਂ ਦਾ ਕਬਜ਼ਾ

1424 ਕਲਾਨੌਰ ਸੀ ਸ਼ਹਿਰ ਮਸ਼ਹੂਰ ਬੜਾ, ਮੁਗਲਰਾਜ ਦੀ ਇਹ ਪਹਿਚਾਣ ਹੈ ਸੀ।
ਬਾਦਸ਼ਾਹੀ ਅਕਬਰ ਨੂੰ ਮਿਲੀ ਇੱਥੇ, ਸੁੰਦਰ ਦੇਖਣ ਯੋਗ ਅਸਥਾਨ ਹੈ ਸੀ।
ਬਟਾਲੇ ਵਾਂਗ ਹੀ ਇਸਦਾ ਹਾਲ ਹੋਇਆ, ਲਹੂ-ਮਿਝ ਦਾ ਹੋਇਆ ਘਾਣ ਹੈ ਸੀ।
ਦੁੱਖ ਦਿੱਤਾ ਰੱਤੀ ਨਾ ਕਿਰਤੀਆਂ ਨੂੰ, ਭਾਵੇਂ ਜਾਤ ਦਾ ਮੁਸਲਮਾਨ ਹੈ ਸੀ॥

1425 ਕਾਹਨੂੰਵਾਨ ਤੋਂ ਅੱਗੇ ਜਾ ਸਿੰਘਾਂ, ਪਠਾਣਕੋਟ ਵੀ ਜਾ ਕੇ ਮੱਲਿਆ ਏ।
ਪਠਾਣ ਕੋਟੀਆਂ ਚੰਗੇ ਹੱਥ ਕੀਤੇ, ਵਾਰ ਸਿੰਘਾਂ ਦਾ ਪਰ ਨਾ ਝੱਲਿਆ ਏ।
ਪਾਣੀ ਹੜ੍ਹ ਦਾ ਜਦੋਂ ਵੀ ਚੜ੍ਹਿਆ ਏ, ਖਾਲਾਂ ਵੱਟਾਂ ਮੂਲ ਨਾ ਠੱਲਿਆ ਏ।
ਹਰਚੰਦ ਸਿੰਘਾ ਸਦੀਆਂ ਬਾਅਦ ਵੇਖੋ, ਹੁਕਮ ਖਾਲਸੇ ਦਾ ਉਥੇ ਚੱਲਿਆ ਏ॥

### ਸਿੰਘਾਂ ਨੇ ਲਹੌਰ ਵੱਲ ਮੁਹਾਰਾਂ ਮੋੜਨੀਆਂ

1426 ਸਿੰਘ ਫੇਰ ਲਾਹੌਰ ਦੇ ਵੱਲ ਹੋਏ, ਨਾਲ ਜੋਸ਼ ਦੇ ਵਧਦੇ ਆਂਵਦੇ ਨੇ।
ਪਠਾਣਕੋਟ ਤੋਂ ਲੈ ਲਾਹੌਰ ਤਾਈਂ, ਠਾਣੇ ਆਪਣੇ ਉਹ ਬਹਾਂਵਦੇ ਨੇ।
ਸਿੰਘ ਸੂਰਮੇ ਹਿਕ ਦਾ ਜ਼ੋਰ ਦੇ ਕੇ, ਲਾਹੌਰ ਤੀਕ ਜਾ ਲੁੱਟ ਮਚਾਂਵਦੇ ਨੇ।
ਅਸਲਮ ਖਾਂ ਨਾ ਕਿਲ੍ਹੇ 'ਚੋਂ ਬਾਹਰ ਆਇਆ, ਲੋਕ ਜਾ ਫਰਿਆਦਾਂ ਲਾਂਵਦੇ ਨੇ॥

### ਤੁਰਕਾਂ ਨੇ 'ਜਹਾਦ' ਦਾ ਨਾਅਰਾ ਲਾ ਕੇ ਗਾਜੀ ਤਿਆਰ ਕਰਨੇ

1427 ਲੋਕ ਭੱਜ ਕੇ ਜੋ ਲਾਹੌਰ ਆਏ, ਸੱਯਦ, ਗਾਜੀ, ਮੁਲਾਣੇ ਪਠਾਣ ਮੀਆਂ।
ਗ਼ੈਰਤ ਵਾਲੇ ਜ਼ੋਰ ਅਜਮਾਣ ਲਈ, ਜੋਸ਼ ਮਜਹਬੀ ਲੱਗੇ ਚੜ੍ਹਾਣ ਮੀਆਂ।
ਦਿੱਲੀ ਦਰਵਾਜ਼ੇ ਨੇੜੇ ਈਦਗਾਹ ਦੇ, ਝੰਡਾ ਹੈਦਰੀ ਲੱਗੇ ਝੁਲਾਣ ਮੀਆਂ।
ਹਰਚੰਦ ਸਿੰਘਾ ਦੀਨ ਦਾ ਦੇਹ ਹੋਕਾ, ਮੁਸਲਮਾਨਾਂ ਤਾਈਂ ਉਕਸਾਨ ਮੀਆਂ॥

### ਸਿੰਘਾਂ ਨੇ ਦਲ ਦੇ ਚਾਰ ਜਥੇ ਬਣਾ ਕੇ ਲਹੌਰ, ਅੰਮ੍ਰਿਤਸਰ ਤੇ ਰਿਆੜਕੀ ਦਾ ਪ੍ਰਬੰਧ ਕਰਨਾ

1428 ਲੰਬਾ-ਚੌੜਾ ਇਲਾਕਾ ਜਿੱਤ ਸਿੰਘਾਂ, ਹਿੱਸੇ ਦਲ ਦੇ ਵੰਡ ਕੇ ਚਾਰ ਕੀਤੇ।
ਹਰ ਜਥੇ ਦੀ ਕਰਨ ਕਮਾਨ ਲਈ, ਨੀਅਤ ਵੱਖੋ-ਵੱਖ ਸਰਦਾਰ ਕੀਤੇ।
ਜਥਾ ਲਾਹੌਰ ਨੇ ਰਾਵੀ ਦੇ ਤੱਟ ਉਤੇ, ਪਿੰਡ ਭਰਤ ਸੀ ਜਾ ਉਤਾਰ ਕੀਤੇ।
ਭਗਵੰਤ ਰਾਇ ਦਾ ਜੋਰੀਂ ਮੱਲ ਕਿਲ੍ਹਾ, ਅੰਦਰ ਆਪਣੇ ਘੋੜ-ਅਸਵਾਰ ਕੀਤੇ॥

### ਗਾਜ਼ੀਆਂ ਦੀ ਕਿਲ੍ਹਾ ਭਗਵੰਤ ਰਾਇ ਮਹਿਤਾ 'ਤੇ ਚੜ੍ਹਾਈ

1429 ਜਿਹਾਦ ਵਾਸਤੇ ਹੋਏ ਤਿਆਰ ਗਾਜ਼ੀ, ਆਏ ਮਹਿੰਦੀ ਹੱਥਾਂ ਤੇ ਲਾ ਕੇ ਜੀ।
ਮੋਹ ਜੱਗ ਜਿਉਣ ਦਾ ਰੱਖਿਆ ਨਾ, ਹਰੇ ਕੱਪੜੇ ਆਏ ਸਜਾ ਕੇ ਜੀ।
ਹਰੀਆਂ ਝੰਡੀਆਂ ਹੱਥਾਂ ਦੇ ਵਿਚ ਫੜੀਆਂ, ਬਹਿਸ਼ਤ ਜਾਣਾ ਸ਼ਹੀਦੀਆਂ ਪਾ ਕੇ ਜੀ।
ਹਰਚੰਦ ਸਿੰਘਾ ਚੜ੍ਹੇ ਲਾਹੌਰ ਵਿੱਚੋਂ, ਨਵਾਜ਼ਾਂ ਪੜ੍ਹ ਤੇ ਢੋਲ ਵਜਾ ਕੇ ਜੀ॥

### ਗਾਜ਼ੀਆਂ ਨੂੰ ਵੇਖ ਅਸਲਮ ਖਾਂ ਸੂਬਾ ਲਾਹੌਰ ਨੇ ਵੀ ਦਿਲ ਧਰਿਆ, ਅਤਾਉੱਲਾ ਤੇ ਮੁਹਿੱਬ ਖਾਂ ਦੀ ਕਮਾਨ ਹੇਠ 500 ਘੋੜ ਅਸਵਾਰ ਅਤੇ ਇਕ ਹਜ਼ਾਰ ਪਿਆਦਾ ਫ਼ੌਜ ਘੱਲੀ

1430 ਧਰਮ ਯੁੱਧ ਲਈ ਸ਼ਹਿਰ ਲਾਹੌਰ ਵਿੱਚੋਂ, ਚੜ੍ਹ ਪਈਆਂ ਫੌਜਾਂ ਭਾਰੀਆਂ ਨੇ।
ਹਾਜੀ ਸੱਯਦ ਇਸਮਾਇਲ ਤੇ ਯਾਰ ਬੇਗ, ਸ਼ਾਹ ਅਨਾਇਤ ਵੀ ਕਰ ਤਿਆਰੀਆਂ ਨੇ।
ਇੱਕ ਹੱਥ ਮਾਲਾ, ਦੂਜੇ ਤੇਗ ਫੜੀ, ਜਾਨਾਂ ਕੀਤੀਆਂ ਨਹੀਂ ਪਿਆਰੀਆਂ ਨੇ।
ਹਰਚੰਦ ਸਿੰਘਾ ਮੌਤ ਦੀ ਜਾ ਮੰਡੀ, ਵਣਜ ਕਰਨੇ ਜਾ ਵਪਾਰੀਆਂ ਨੇ॥

1431 ਇੱਧਰ ਗਾਜ਼ੀ ਅੱਗੇ ਸਿੰਘ ਸੂਰੇ, ਦੋਏ ਪਾਸੀਂ ਕੌਮਾਂ ਅਣਖੀਲੀਆਂ ਨੇ।
ਇੱਕ ਪਾਸੇ ਹਰਾ ਤੇ ਰੰਗ ਕਾਲਾ, ਦੂਜੇ ਪਾਸੇ ਸਫੈਦ ਤੇ ਨੀਲੀਆਂ ਨੇ।
ਦੋਵੇਂ ਧਰਮ ਯੁੱਧ ਲਈ ਭਿੜਨ ਆਏ, ਨਾਲ ਜੋਸ਼ ਦੇ ਅੱਖਾਂ ਜੋਸ਼ੀਲੀਆਂ ਨੇ।
ਹਰਚੰਦ ਸਿੰਘਾ ਜ਼ੁਲਮ ਤੇ ਸਿਦਕ ਭਿੜੇ, ਦੋਵੇਂ ਪਾਸਿਓਂ ਜਾਨਾਂ ਹਿੱਲੀਆਂ ਨੇ॥

1432 ਗਾਜ਼ੀਆਂ ਜੋਸ਼ ਦੇ ਮਾਰ ਨਾਅਰੇ, ਫੌਜ ਕਿਲ੍ਹੇ ਤੇ ਆਣ ਚੜ੍ਹਾ ਦਿੱਤੀ।
ਸਿੰਘਾਂ ਆਪਣੇ ਮੋਰਚੇ ਮੱਲ ਲਏ, ਝੜੀ ਤੀਰਾਂ ਬੰਦੂਕਾਂ ਦੀ ਲਾ ਦਿੱਤੀ।
ਖਾਲੀ ਜਾਂਵਦੇ ਵਾਰ ਸੀ ਤੁਰਕਾਂ ਦੇ, ਸਿੰਘਾਂ ਲੋਥ ਤੇ ਲੋਥ ਵਿਛਾ ਦਿੱਤੀ।
ਜਿੰਨੇ ਮਰਦੇ ਉਸ ਤੋਂ ਵੱਧ ਆਉਂਦੇ, ਗੱਲ ਗਾਜੀਆਂ ਸਿਰੇ ਲਾ ਦਿੱਤੀ॥

### ਰਾਤ ਦੇ ਸਮੇਂ ਸਿੰਘਾ ਨੇ ਕਿਲ੍ਹੇ 'ਚੋਂ ਹਰਨ ਹੋਣਾ

1433 ਸਿੰਘ ਮਾਰਦੇ ਮਾਰਦੇ ਥੱਕ ਗਏ, ਪਰ ਗਾਜੀਆਂ ਮੁੱਖ ਨਾ ਮੋੜਿਆ ਏ।
ਸਾਰਾ ਦਿਨ ਤੇ ਰਾਤ ਵੀ ਮੁੱਕ ਚੱਲੀ, ਪਰ ਤੁਰਕਾਂ ਜੰਗ ਨਾ ਹੋੜਿਆ ਏ।
ਸਿੰਘਾਂ ਕੋਲੋਂ ਗੋਲੀਆਂ ਤੀਰ ਮੁੱਕੇ, ਭੁੱਖ-ਨੀਂਦ ਨੇ ਤਨ ਨਚੋੜਿਆ ਏ।
ਹਰਚੰਦ ਸਿੰਘਾ ਕਿਲੇ 'ਚੋਂ ਹਰਨ ਹੋਏ, ਘੇਰਾ ਕਿਲੇ ਦਾ ਸਿੰਘਾਂ ਨੇ ਤੋੜਿਆ ਏ॥

### ਸ਼ਾਹੀ ਫ਼ੌਜਾਂ ਤੇ ਗਾਜ਼ੀਆਂ ਨੇ ਜਿੱਤ ਦੇ ਡੰਕੇ ਵਜਾ ਕੇ ਲਹੌਰ ਨੂੰ ਮੁੜਨਾ ਤੇ ਸਿੰਘਾਂ ਨੇ ਪਿੱਛਾ ਕਰਨਾ

1434 ਕੱਚਾ ਕਿਲ੍ਹਾ 'ਕੋਟਲਾ ਬੇਗਮ' ਦਾ, ਸਿੰਘਾਂ ਆਣ ਕੇ ਉਸਨੂੰ ਮੱਲਿਆ ਏ।
ਇਸ ਗੱਲ ਦੀ ਖਬਰ ਲਾਹੌਰ ਹੋਈ, ਹਜੂੰਮ ਗਾਜੀਆਂ ਦਾ ਮੁੜ ਚੱਲਿਆ ਏ।
ਜਥਾ ਦੂਸਰਾ ਸਿੰਘਾਂ ਦਾ ਆਣ ਪਹੁੰਚਾ, ਜੋਸ਼ ਸਿੰਘਾਂ ਦਾ ਜਾਂਦਾ ਨਾ ਠੱਲਿਆ ਏ।
ਗਾਜ਼ੀ ਆਏ ਇਲਾਕਾ ਬਰਬਾਦ ਕਰਕੇ, ਦੁੱਖ ਲੋਕਾਂ ਬੜਾ ਹੀ ਝੱਲਿਆ ਏ॥

1435 ਇਸ ਵਾਰੀ ਸਿੰਘਾਂ ਦਾ ਜ਼ੋਰ ਚੜ੍ਹਿਆ, ਮਾਰ ਮਾਰ ਕੇ ਢੇਰੀਆਂ ਲਾਈਆਂ ਨੇ।
ਦਿਨ ਇੱਕ ਨਾ ਕੱਟਿਆ ਗਾਜੀਆਂ ਨੇ, ਪੈਰ ਹਿੱਲੇ ਤਰੇਲੀਆਂ ਆਈਆਂ ਨੇ।
ਭੱਜ ਚੱਲੇ ਵੱਲ ਲਾਹੌਰ ਦੇ ਉਹ, ਸਿੰਘਾਂ ਪਿੱਛੇ ਤੇਗਾਂ ਵਾਹੀਆਂ ਨੇ।
ਹਾਰ ਖਾ ਕੇ ਮੁੜੇ ਹਰਚੰਦ ਸਿੰਘਾ, ਉਨ੍ਹਾਂ ਚੰਗੀਆਂ ਪੂਰੀਆਂ ਪਾਈਆਂ ਨੇ॥

### ਸਿੰਘਾਂ ਨੇ ਪਿੱਛਾ ਕਰਨ ਦੀ ਥਾਂ ਤੁਰਕਾਂ ਦਾ ਸਮਾਨ, ਜ਼ਖ਼ਮੀ ਅਤੇ ਲੋਥਾਂ ਸਾਂਭਣੀਆਂ

1436 ਸ਼ਾਮ ਪਈ ਤੇ ਬੱਦਲਾਂ ਸ਼ੋਰ ਪਾਇਆ, ਬਿੱਜ ਚਮਕੇ ਬਾਰਸ਼ਾਂ ਲੱਥੀਆਂ ਨੇ।
ਸਾਰ ਲਈ ਸਿੰਘਾਂ ਨੇ ਫੱਟੜਾਂ ਦੀ, ਜਿੰਦਾਂ ਖ਼ੂਨ ਦੇ ਨਾਲ ਜੋ ਰੱਤੀਆਂ ਨੇ।
ਧਰਮ ਹੇਤ ਜੋ ਸਿੰਘ ਸ਼ਹੀਦ ਹੋਏ, ਲਾਸ਼ਾਂ ਚੁੱਕ ਕੇ ਅਗਨੀ ਘੱਤੀਆਂ ਨੇ।
ਹਰਚੰਦ ਸਿੰਘਾ ਜਰਾ ਆਰਾਮ ਕੀਤਾ, ਪਾਠ ਕੀਤੇ ਬਾਲ ਕੇ ਬੱਤੀਆਂ ਨੇ॥

### ਗਾਜੀਆਂ ਭੱਜ ਕੇ ਭੀਲੋਵਾਲ ਰਾਤ ਕੱਟਣੀ

1437 ਮੁਹਿਬ ਖਾਂ ਤੇ ਮੀਰ ਜੋ ਅੱਤਾਉੱਲਾ, ਸ਼ਾਹੀ ਫੌਜਾਂ ਕਿਲ੍ਹੇ ਉਤਾਰੀਆਂ ਨੇ।
ਖਾ-ਪੀ ਕੇ ਨਾਲ ਆਰਾਮ ਸੁੱਤੇ, ਬੰਦ ਕਰਕੇ ਬੂਹੇ ਬਾਰੀਆਂ ਨੇ।
ਗਾਜੀ ਬਾਹਰ ਮੈਦਾਨ ਦੇ ਵਿਚ ਸੁੱਤੇ, ਮੀਂਹ-ਨੇਰੀ ਨੇ ਮੱਤਾਂ ਮਾਰੀਆਂ ਨੇ।
ਹਰਚੰਦ ਸਿੰਘਾ ਆਣ ਪਏ ਸੁੱਤਿਆਂ ਨੂੰ, ਸਿੰਘਾਂ ਖੋਭੀਆਂ ਆਣ ਕਟਾਰੀਆਂ ਨੇ॥

1438 ਕਿਲ੍ਹੇ ਵਾਲਿਆਂ ਲਈ ਨਾ ਸਾਰ ਆ ਕੇ, ਖੜੇ ਅੰਦਰੋਂ ਦੇਣ ਦਲੇਰੀਆਂ ਜੀ।
ਸਿੰਘਾਂ ਆਉਂਦਿਆਂ ਮੂਲ ਨਾ ਬਿੜਕ ਕੀਤੀ, ਆਏ ਚੜ੍ਹਕੇ ਵਾਂਗ ਹਨੇਰੀਆਂ ਜੀ।
ਨੱਠੇ ਗਾਜੀ ਜਿੱਧਰ ਨੂੰ ਮੂੰਹ ਹੋਇਆ, ਉਨ੍ਹਾਂ ਲਾਈਆਂ ਮੂਲ ਨਾ ਦੇਰੀਆਂ ਜੀ।
ਸਿੰਘ ਸੋਧ ਕੇ ਮੁੜੇ ਹਰਚੰਦ ਸਿੰਘਾ, ਵੱਢ ਵੱਢ ਕੇ ਲਾਈਆਂ ਢੇਰੀਆਂ ਜੀ॥

### ਸ਼ਾਹੀ ਫ਼ੌਜਾਂ ਤੇ ਬਚੇ ਹੋਏ ਗਾਜੀ ਭੱਜ ਕੇ ਲਹੌਰ ਆਏ

1439 ਸ਼ਾਹੀ ਫੌਜਾਂ ਭੱਜ ਲਾਹੌਰ ਵੜੀਆਂ, ਸਿੰਘਾਂ ਬਾਹਰ ਸੀ ਡੇਰੇ ਲਾ ਦਿੱਤੇ।
ਝੰਡਾ ਹੈਦਰੀ ਮੁੜ ਨਾ ਗੱਡਿਆ ਏ, ਵਾਂਗ ਸੁਸਰੀ ਸਭ ਸੁਲਾ ਦਿੱਤੇ।
ਸਿੰਘਾਂ ਚਾਰ-ਚੁਫੇਰਾ ਲੁੱਟ ਲਿਆ, ਅਸਲਮ ਖਾਂ ਨੂੰ ਵਖ਼ਤ ਸੀ ਪਾ ਦਿੱਤੇ।
ਸੂਰਜ ਖੜੇ ਹੀ ਬੰਦ ਲਾਹੌਰ ਹੋਵੇ, ਹਰਚੰਦ ਸਿੰਘਾ ਜਿੰਦੇ ਲੁਆ ਦਿੱਤੇ॥

### ਸਿੰਘਾਂ ਨੇ ਦੁਆਬਾ ਸਰ ਕਰਨਾ

1440 ਮਾਝਾ-ਮਾਲਵਾ ਸਿੰਘਾਂ ਨੇ ਚਿੱਤ ਕੀਤਾ, ਨਾਲ ਜ਼ੋਰ ਦੇ ਮੱਲਾਂ ਮਾਰੀਆਂ ਨੇ।
ਸਿੰਘ ਵੇਖ ਦੁਆਬਾ ਦੇ ਹੋਏ, 'ਕੱਠੇ, ਉਹ ਵੀ ਲੱਗੇ ਕਰਨ ਤਿਆਰੀਆਂ ਨੇ।
ਬੰਦਾ ਸਿੰਘ ਨੇ ਮੱਦਦ ਭੇਜ ਦਿੱਤੀ, ਲਾਈਆਂ ਸਾਹਣ ਤੇ ਉਨ੍ਹਾਂ ਕਟਾਰੀਆਂ ਨੇ।
ਹਰਚੰਦ ਸਿੰਘਾ ਹੋਏ ਦਲ ਕੱਠੇ, ਆਏ ਗੱਭਰੂ ਮਾਰ ਉਡਾਰੀਆਂ ਨੇ॥

### ਰਾਹੋਂ ਤੇ ਸਿੰਘਾਂ ਨੇ ਧਾਵਾ ਕਰਨਾ

1441 ਇਨਾਇਤ ਖਾਂ ਸੀ ਰਾਹੋਂ ਦਾ ਧਨੀ ਬੰਦਾ, ਧਾੜਾਂ ਮਾਰਕੇ ਹੋਇਆ ਅਮੀਰ ਬੇਲੀ।
ਫੌਜਦਾਰ ਵੀ ਉਸ ਤੋਂ ਖੌਫ਼ ਖਾਏ, ਲੋਕ ਮੰਨਦੇ ਉਸਨੂੰ ਪੀਰ ਬੇਲੀ।
ਘੋੜਾ ਫੇਰ ਕੇ ਮੱਲਿਆ ਮੁਲਕ ਹੈ ਸੀ, ਰੱਖੀ ਰਾਖੀ ਦੇ ਲਈ ਵਹੀਰ ਬੇਲੀ।
ਹਰਚੰਦ ਸਿੰਘਾ ਉਸਨੂੰ ਲੁੱਟ ਲਿਆ, ਸਿੰਘਾ ਛੱਡੀ ਨਾ ਇੱਕ ਵੀ ਲੀਰ ਬੇਲੀ॥

*(ਬਾਕੀ ਅਗਲ ਅੰਕ ਵਿਚ)*

49 YEARS OF EXCELLENCE
THE LINK GROUP
PUNJAB LINK
ਪੰਜਾਬ ਲਿੰਕ
North America's Largest Distributed Weekly Newspaper
Published by : Punjab Link Newspaper Ltd.
604-503-5465 (LINK)

PUNJAB LINK SALES TEAM


Rakesh Puri
604-377-4085


Amarjit Singh
778-908-0523


Arya Bhalla
778-788-2429


Hardam S. Maan
604-308-6663


Shashi Madan
604-367-5611

www.punjablinkpaper.com | Email : ads@punjablinkpaper.com | Suite : 201-12732-80th Ave, Surrey B.C. V3W 3A7

ਪੰਜਾਬ ਲਿੰਕ ਵਿੱਚ ਛਪੇ ਕਿਸੇ ਮੈਟਰ ਨਾਲ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਰੂਸ ਦੇ ਦੋ ਮਿੱਤਰ ਦੇਸ਼ਾਂ ਵਿਚਾਲੇ ਜੰਗ ਛਿੜੀ-100 ਫੌਜੀ ਮਾਰੇ ਗਏ

ਮੌਸਕੋ-ਰੂਸ ਅਤੇ ਯੂਕਰੇਨ ਵਿਚਾਲੇ ਪਿਛਲੇ 6 ਮਹੀਨਿਆਂ ਤੋਂ ਜੰਗ ਅਜੇ ਵੀ ਜਾਰੀ ਹੈ।ਇਸ ਦੌਰਾਨ ਰੂਸ ਦੇ ਦੋ ਮਿੱਤਰ ਦੇਸ਼ਾਂ ਅਜ਼ਰਬਾਈਜਾਨ ਅਤੇ ਅਰਮੇਨੀਆ ਵਿਚ ਜੰਗ ਛਿੜ ਗਈ ਹੈ।ਇਸ ਜੰਗ ਵਿੱਚ ਦੋਵਾਂ ਧਾਸਿਆਂ ਦੇ 100 ਤੋਂ ਵੱਧ ਫ਼ੌਜੀ ਮਾਰੇ ਗਏ ਹਨ, ਜਦੋਂ ਕਿ ਸੈਂਕੜੇ ਜ਼ਖ਼ਮੀ ਹੋਏ ਹਨ।ਜੰਗ 'ਚ ਫਸੇ ਰੂਸ ਨੇ ਖੁਦ ਦੋਵਾਂ ਦੇਸ਼ਾਂ ਤੋਂ ਜੰਗਬੰਦੀ ਦੀ ਮੰਗ ਕੀਤੀ ਹੈ। ਹਾਲਾਂਕਿ ਉਨ੍ਹਾਂ ਦੀ ਅਪੀਲ ਦਾ ਦੋਵਾਂ ਦੇਸ਼ਾਂ 'ਤੇ ਕੋਈ ਅਸਰ ਨਹੀਂ ਹੋਇਆ ਹੈ। ਰਿਪੋਰਟ ਮੁਤਾਬਕ ਅਰਮੇਨੀਆ ਅਤੇ ਅਜ਼ਰਬਾਈਜਾਨ ਦੀ ਸਰਹੱਦ 'ਤੇ ਚੱਲ ਰਹੀ ਲੜਾਈ ਨਾਲ ਦੋਹਾਂ ਦੇਸ਼ਾਂ ਵਿਚਾਲੇ ਲੰਬੇ ਸਮੇਂ ਤੋਂ ਚੱਲੀ ਆ ਰਹੀ ਦੁਸ਼ਮਣੀ ਹੋਰ ਡੂੰਘੀ ਹੋਣ ਦੀ ਸੰਭਾਵਨਾ ਵਧ ਗਈ ਹੈ।ਅਰਮੀਨੀਆ ਦੇ ਪ੍ਰਧਾਨ ਮੰਤਰੀ ਨਿਕੋਲ ਪਸ਼ਿਨਯਾਨ ਨੇ ਮੰਗਲਵਾਰ ਨੂੰ ਕਿਹਾ ਕਿ ਅਜ਼ਰਬਾਈਜਾਨ ਦੁਆਰਾ ਦੇਰ ਰਾਤ ਦੇ ਹਮਲਿਆਂ ਵਿੱਚ 49 ਅਰਮੀਨੀਆਈ ਸੈਨਿਕ ਮਾਰੇ ਗਏ ਹਨ।ਇਸ ਦੇ ਨਾਲ ਹੀ ਅਜ਼ਰਬਾਈਜਾਨ ਨੇ ਕਿਹਾ ਹੈ ਕਿ ਝੜਪ 'ਚ ਉਸ ਦੇ 50 ਸੈਨਿਕ ਵੀ ਮਾਰੇ ਗਏ ਹਨ। ਅਰਮੀਨੀਆ ਦੇ ਰੱਖਿਆ ਮੰਤਰਾਲੇ



ਦੇ ਅਨੁਸਾਰ, ਅਜ਼ਰਬਾਈਜਾਨ ਦੀ ਫੌਜ ਨੇ ਆਪਣੇ ਸੈਨਿਕਾਂ 'ਤੇ ਤੋਪਖਾਨੇ ਅਤੇ ਡਰੋਨਾਂ ਨਾਲ ਹਮਲਾ ਕੀਤਾ।ਮੰਤਰਾਲੇ ਨੇ ਕਿਹਾ ਕਿ ਜੰਗਬੰਦੀ ਲਈ ਰੂਸ ਦੀ ਵਿਚੋਲਗੀ ਦੀ ਕੋਸ਼ਿਸ਼ ਦੇ ਬਾਵਜੂਦ ਦਿਨ ਭਰ ਲੜਾਈ ਜਾਰੀ ਰਹੀ।ਖੇਤਰ ਵਿੱਚ ਥੋੜ੍ਹੀ ਜਿਹੀ ਗੋਲਾਬਾਰੀ ਹੋਈ ਹੈ, ਪਰ ਅਜ਼ਰਬਾਈਜਾਨੀ ਫੌਜਾਂ ਅਜੇ ਵੀ ਅਰਮੀਨੀਆਈ ਖੇਤਰ ਵਿੱਚ ਅੱਗੇ ਵਧਣ ਦੀ ਕੋਸ਼ਿਸ਼ ਕਰ ਰਹੀਆਂ ਹਨ। ਦੂਜੇ ਪਾਸੇ ਅਜ਼ਰਬਾਈਜਾਨ ਦਾ ਕਹਿਣਾ ਹੈ ਕਿ ਉਸ ਨੇ ਸੋਮਵਾਰ ਦੇਰ ਰਾਤ ਅਤੇ ਮੰਗਲਵਾਰ ਸਵੇਰੇ ਅਰਮੇਨੀਆ ਵੱਲੋਂ ਕੀਤੇ ਗਏ ਹਮਲਿਆਂ ਦੇ ਜਵਾਬ ਵਿੱਚ ਇਹ ਕਾਰਵਾਈ ਕੀਤੀ। ਅਜ਼ਰਬਾਈਜਾਨ ਦੇ ਵਿਦੇਸ਼ ਮੰਤਰਾਲੇ ਨੇ ਇਕ ਬਿਆਨ 'ਚ ਕਿਹਾ ਕਿ ਅਰਮੀਨੀਆਈ ਫੌਜ ਨੇ ਉਸ ਦੇ ਤਿੰਨ ਜ਼ਿਲਿਆਂ 'ਚ ਫੌਜੀ ਚੌਕੀਆਂ 'ਤੇ ਗੋਲੀਬਾਰੀ ਕੀਤੀ।ਇਸ ਦੇ ਨਾਲ ਹੀ ਇਨ੍ਹਾਂ ਇਲਾਕਿਆਂ ਵਿੱਚ ਬਾਰੂਦੀ ਸੁਰੰਗਾਂ ਵੀ ਵਿਛਾਈਆਂ ਗਈਆਂ ਸਨ।ਮੰਤਰਾਲੇ ਨੇ ਕਿਹਾ ਕਿ ਉਸ ਦੇ ਜਵਾਨਾਂ ਨੂੰ ਵੀ ਝੜਪ ਵਿੱਚ ਜਾਨੀ ਨੁਕਸਾਨ ਹੋਇਆ ਅਤੇ ਬਦਲੇ ਵਿੱਚ ਸਖ਼ਤ ਜਵਾਬੀ ਕਾਰਵਾਈ ਕੀਤੀ ਗਈ।

## ਰੰਗ ਬਦਲਦੀ ਦੁਨੀਆ

ਦੁਨੀਆ ਸੋਹਣੀਆਂ ਸ਼ਕਲਾਂ ਪਿੱਛੇ
ਭੱਜੀ ਫਿਰਦੀ ਏ
ਅਕਲਾਂ ਵੱਲੋਂ ਲਗਦਾ ਜਿਵੇਂ,
ਅਪਾਹਜ ਹੋ ਗਈ ਏ
ਕਦਰ ਨਹੀਂ ਇਹ ਕਰਦੀ ਚੰਦਰੀ,
ਚਿੱਟੇ ਧੌਲਿਆਂ ਦੀ
ਧੌਲੇ ਛੱਡਕੇ ਧੋਲਿਆਂ ਦੀ,
ਮੁਹਤਾਜ ਹੋ ਗਈ ਏ

ਮਾਂ ਤਰਸਦੀ ਮਿਲਣ ਵਾਸਤੇ,
ਪੁੱਤ ਪਰਦੇਸੀਆ ਨੂੰ
ਜੋ Face Time ਦੇ ਮੇਲਿਆਂ ਦੀ,
ਮੁਹਤਾਜ ਹੋ ਗਈ ਏ
ਹੀਰ ਲਾਈਕ ਨੀ ਕਰਦੀ,
ਮੱਝਾਂ ਵਾਲੇ ਰਾਂਝਣ ਨੂੰ
ਉਹ ਕਾਰਾਂ ਵਾਲੇ ਸਹੇਲਿਆਂ ਦੀ,
ਮੁਹਤਾਜ ਹੋ ਗਈ ਏ

ਟਿੱਕ ਟੋਕ ਨੇ ਦੁਨੀਆ ਸਾਰੀ
ਕਮਲੀ ਕਰ ਦਿੱਤੀ
ਇਹ ਕੈਂਸਰ ਜਿਹੀ ਬਿਮਾਰੀ,
ਬੇਇਲਾਜ ਹੋ ਗਈ ਏ
ਸ਼ਾਮ ਸਵੇਰੇ ਪੋਸਟ ਪਾ ਕੇ,
ਗਾਲਾਂ ਕੱਢ ਕੱਢ ਲੜਦੇ ਆ
Facebook ਵੀ ਵਿਹਲਿਆਂ ਦੀ,
ਮੁਹਤਾਜ ਹੋ ਗਈ ਏ

ਤਾਜ ਮਹਿਲ ਵਿਚ ਜਾ ਕੇ ਕਸਮਾਂ,
ਖਾਧੀਆਂ ਸੀ ਜਿਸਨੇ
ਉਹ ਵੀ ਚੰਦਰੀ ਗੈਰਾਂ ਦੀ,
ਮੁਮਤਾਜ ਹੋ ਗਈ ਏ
ਕਹਿੰਦੀ ਸੀ ਜੋ ਤੇਰੇ ਪੱਗ ਦੀ
ਝਾਲਰ ਆਂ ਸੱਜਣਾ
ਡਾਨਸੀਵਾਲੀਆ ਕਿਸੇ ਦੇ ਸਿਰ ਦਾ,
ਤਾਜ ਹੋ ਗਈ ਏ

**ਕੁਲਵੀਰ ਸਿਘ ਡਾਨਸੀਵਾਲ** 778 863 2472

## ਨਵਾਂ ਵਪਾਰੀ

ਵਾਂਗ ਹੋਰਨਾ ਗਿਆ ਕੱਢ ਮੱਥੇ,
ਗਿਆ ਪੁੱਠੀ ਗੇੜ ਗਰਾਰੀ ਕਹਿੰਦੇ।
ਧਰ ਪੈੜਾਂ ਵਿੱਚ ਪੈੜ ਗਿਆ,
ਖੇਡ ਆਪਣੀ ਖੇਡ ਮਦਾਰੀ ਕਹਿੰਦੇ।

ਪੰਡ ਬੰਨ੍ਹੀ ਸੌਦੇਬਾਜੀਆਂ ਦੀ,
ਕਰ ਹੋਰ ਵੀ ਗਿਆ ਭਾਰੀ ਕਹਿੰਦੇ।
ਜਾਪੇ ਇਹ ਵੀ ਰਿਸ਼ਵਤਖੋਰੀਆਂ ਦੀ,
ਖਾ ਜੂਠੀ ਗਿਆ ਤਰਕਾਰੀ ਕਹਿੰਦੇ।

ਪੱਕੀ ਆਦਤ ਪਈ ਵੱਢੀਆਂ ਦੀ,
ਲੱਥੇ ਕਦੇ ਨਾ ਗਲੋਂ ਬਿਮਾਰੀ ਕਹਿੰਦੇ।
ਵੇਖ ਚੌਧਰ 'ਭਗਤਾ' ਦੂਜਿਆਂ ਦੀ,
ਆਪੋ ਧਾਪੀ ਨਾ ਹੋ ਜੇ ਸਾਰੀ ਕਹਿੰਦੇ।

ਨਿੱਤ ਨਿੱਕਲਦਾ ਵੇਖ ਸੱਪ ਨਵਾਂ,
ਆ ਖਿੱਚ ਕੇ ਗਿਆ ਭਿਆਰੀ ਕਹਿੰਦੇ।
ਰੀਸ ਕਰਕੇ ਮਦਾਰੀ ਪਹਿਲਿਆਂ ਦੀ,
ਗਰਾਰੀ ਬੈਠਾ ਫਸਾਈ ਸਰਾਰੀ ਕਹਿੰਦੇ।

**ਸੁਖਮੰਦਰ ਬਰਾੜ-ਭਗਤਾ ਭਾਈ ਕਾ**
01-604-751-1113



# ਕਲਾਸੀਫਾਈਡ ਅਤੇ ਮੈਟਰੀਮੋਨੀਅਲ

ਸਿਰਫ $10 ਖਰਚਾ ਸੰਪਰਕ : ਹਰਦਮ ਸਿੰਘ ਮਾਨ : 604-308-6663

## MATRIMONIALS

### ਲੜਕੀ ਦੀ ਲੋੜ

ਕੈਨੇਡੀਅਨ ਜੰਮਪਲ ਜੱਟ ਸਿੱਖ, ਬਹੁਤ ਹੀ ਸਾਊ, ਨਸ਼ਿਆਂ ਤੋਂ ਰਹਿਤ, ਵਧੀਆ ਜੌਬ ਕਰਦਾ ਲੜਕਾ, ਉਮਰ 37, ਕੱਦ 5'9" ਲਈ ਕੈਨੇਡੀਅਨ ਸਿਟੀਜਨ/ਪੀ.ਆਰ./ ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ। ਤਲਾਕਸ਼ੁਦਾ ਬਿਨਾਂ (ਬਿਨਾਂ ਬੱਚੇ ਤੋਂ) ਵੀ ਸੰਪਰਕ ਕਰ ਸਕਦੇ ਹਨ। ਸਪੰਰਕ : 604-901-9044

ਕੈਨੇਡਾ ਵਿੱਚ ਪੀ.ਆਰ. ਜੱਟ ਸਿੱਖ ਲੜਕਾ, ਉਮਰ 35 ਸਾਲ , ਕੱਦ 5'9", ਕਲੀਨ ਸ਼ੇਵ, ਲੜਕੇ ਦਾ ਅਪਣਾ ਕਿਚਨ ਕੈਬੀਨਿਟ ਦਾ ਬਿਜਨਸ ਵਾਸਤੇ ਕੈਨੇਡਾ ਪੀਆਰ, ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ।ਸੰਪਰਕ-604-710-7593

ਕੈਨੇਡਾ 'ਚ ਰਹਿ ਰਿਹਾ ਪੀ ਆਰ ਜੱਟ ਸਿੱਖ ਸਿੱਧੂ ਲੜਕਾ ਉਮਰ 32 ਸਾਲ, ਕੱਦ 6 ਫੁੱਟ 1 ਇੰਚ ਵਾਸਤੇ ਕੈਨੇਡਾ ਦੀ ਇੰਮੀਗਰਾਂਟ/ਸਿਟੀਜ਼ਨ ਲੜਕੀ ਦੀ ਲੋੜ ਹੈ। ਵਿਜ਼ਟਰ ਜਾਂ ਪੜ੍ਹਾਈ ਲਈ ਆਈ ਲੜਕੀ ਬਾਰੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਹੋਰ ਜਾਣਕਾਰੀ ਲਈ ਸੰਪਰਕ ਨੰਬਰ **604-832-2564**

ਜੱਟ ਸਿੱਖ ਉਮਰ 24 ਸਾਲ, ਕੱਦ 5 ਫੁੱਟ 6 ਇੰਚ ਜਿਸਨੇ ਇੰਡੀਆ 'ਚ ਪਿਛਲੇ ਸਾਲ **Bachelor of Multimedia** ਦੀ ਡਿਗਰੀ ਕੀਤਾ ਹੈ। ਮਾ-ਪਿਓ ਡੇਟਲਾ ਬ੍ਰਿਟਿਸ਼ ਕੋਲੋਂਬੀਆ, ਕੈਨੇਡਾ 'ਚ ਪੀ.ਆਰ. ਹਨ। ਇੰਡੀਆ ਅਤੇ ਕੈਨੇਡਾ 'ਚ ਕੋਈ ਪ੍ਰਾਪਰਟੀ ਨਹੀਂ।ਲੜਕਾ ਚੰਗੇ ਸੁਭਾਅ ਦੇ ਨਾਲ ਨਾਲ **Non-Drinker** ਵੀ ਹੈ। ਹੋਰ ਜਾਣਕਾਰੀ ਲਈ ਸੰਪਰਕ ਨੰਬਰ **604-347-5271**

ਜੱਟ ਸਿੱਖ ਚਾਹਲ ਉਮਰ 23 ਸਾਲ, ਕੱਦ 6'1", 12ਵੀਂ ਪਾਸ, ਹੈਵੀ ਡਰਾਈਵਿੰਗ ਲਾਇਸੰਸ ਹੋਲਡਰ, ਇੰਡੀਆ ਵਿਚ ਆਪਣਾ ਬਿਜਨਸ ਕਰਦੇ ਲੜਕੇ ਲਈ ਕੈਨੇਡੀਅਨ ਪੀ.ਆਰ. ਜਾਂ ਸਿਟੀਜ਼ਨ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਵੱਡੀ ਭੈਣ ਹੈ ਜੋ ਕੈਨੇਡਾ ਵਿਚ ਸੈਟਲ ਹੈ। ਚਾਹਵਾਨ ਸੰਪਰਕ ਕਰਨ-
604-842-4990, +91-98550-00731 (ਸਿਰਫ ਵਟਸਐਪ)

### ਲੜਕੇ ਦੀ ਲੋੜ

ਜੱਟ ਸਿੱਖ ਕਨੇਡੀਅਨ ਸਿਟੀਜ਼ਨ **R.N.** ਹੌਸਪੀਟਲ ਵਿੱਚ ਜੌਬ ਕਰਦੀ ਲੜਕੀ ਉਮਰ 32 ਸਾਲ, ਕੱਦ 5 ਫੁੱਟ 6 ਇੰਚ, ਇਨੋਸੈਂਟਲੀ ਡਿਵੋਰਸੀ ਲਈ ਲੋਅਰ ਮੇਨਲੈਂਡ ਰਹਿੰਦੇ ਪੀ.ਆਰ. ਵੈਲ ਸੈਟਲ ਲੜਕੇ ਦੀ ਲੋੜ ਹੈ।**Contact: 604-897-1298,**
**Whatsapp Number:**
**99-156-52029**

## MATRIMONIALS

### ਲੜਕੇ ਦੀ ਲੋੜ

ਸਿੱਖ ਬਰਾੜ ਕੈਨੇਡੀਅਨ ਪੀ ਆਰ, ਉਮਰ 28 ਸਾਲ, ਕੱਦ ਪੰਜ ਫੁੱਟ ਇੰਚ, ਆਈ ਸੀ ਬੀ ਸੀ ਚ ਜੌਬ ਕਰਦੀ ਲੜਕੀ ਵਾਸਤੇ ਪੀ ਆਰ ਜਾਂ ਵਰਕ ਪਰਮਿਟ ਵਾਲੇ ਲੜਕੇ ਦੀ ਲੋੜ ਹੈ।ਮਾਲਵਾ ਖੇਤਰ ਨੂੰ ਪਹਿਲ।
ਚਾਹਵਾਨ ਸੰਪਰਕ ਕਰੋ-
ਫੋਨ ਨੰਬਰ 91-77105-45805 (ਵੈਟਸਐਪ)

20 ਸਾਲਾਂ ਤੋਂ ਬੀ ਸੀ ਵਿਚ ਰਹਿ ਰਹੇ ਜੱਟ ਸਿੱਖ ਪਰਿਵਾਰ (ਦੁਆਬਾ ਇਲਾਕਾ) ਨੂੰ ਆਪਣੀ ਕੈਨੇਡੀਅਨ ਸਿਟੀਜ਼ਨ ਬੇਟੀ, ਜਨਮ ਦਸੰਬਰ 1994, ਕੱਦ 5 ਫੁੱਟ 3 ਇੰਚ, **BCIT** ਤੋਂ **2 YEARS IT DIPLOMA Holder**, ਜੌਬ ਕਰ ਰਹੀ ਲਈ, ਬੀ ਸੀ ਲੋਅਰ ਮੇਨਲੈਂਡ ਤੋਂ, ਪੀ ਆਰ ਜਾਂ ਸਿਟੀਜ਼ਨ, ਜੱਟ ਸਿੱਖ 26 ਤੋਂ 29 ਸਾਲਾਂ ਦੇ ਪੜ੍ਹੇ ਲਿਖੇ, ਵੈੱਲ ਸੈਟਲਡ ਅੰਮ੍ਰਿਤਧਾਰੀ ਜੀਵਣ ਸਾਥੀ ਦੀ ਲੋੜ ਹੈ। **Recent Photo And Ibodata** ਲਈ ਮਾਪਿਆਂ ਨਾਲ ਸੰਪਰਕ ਕਰੋ- ਵਟਸਐਪ ਅਤੇ ਕਾਲ :
778-801-9037 **talwanid@hotmial.ca**

### ਲੜਕੀ ਦੀ ਲੋੜ

ਜੱਟ ਸਿੱਖ ਉਮਰ 29 ਸਾਲ, ਕੱਦ 5 ਫੁੱਟ 11 ਇੰਚ, ਗਰੈਜੁਏਟ, ਫੈਮਿਲੀ ਬਿਜਨਸ ਵਿੱਚ ਮੈਨੇਜਰ, ਇੰਡੀਆ' ਚ ਰਹਿੰਦੇ ਲੜਕੇ ਲਈ ਕੈਨੇਡਾ 'ਚ ਸਟਡੀ ਵੀਜਾ ਜਾਂ ਪੀ.ਆਰ. ਲੜਕੀ ਦੀ ਲੋੜ ਹੈ। ਜੇਕਰ ਲੋੜ ਪਵੇ ਤਾਂ ਪੜ੍ਹਾਈ ਦੇ ਖਰਚੇ ਦੀ ਮਦਦ ਵੀ ਕਰ ਸਕਦੇ ਹਾਂ।ਲੜਕੇ ਦੀਆਂ ਦੋ ਭੈਂਣਾ ਵਿੱਚੋ ਇਕ ਕੈਨੇਡਾ 'ਚ ਪੀ.ਆਰ. ਹੈ। ਚਾਹਵਾਨ ਸਪੰਰਕ ਕਰੋ-ਫੋਨ ਨੰਬਰ 77837 89444

## EMPLOYMENTS

### ਵਰਕਰਾਂ ਦੀ ਲੋੜ

ਸਰੀ ਵਿੱਚ ਇਕ ਡਰਾਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜਰੂਰਤ ਹੈ। ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਤੱਕ ਦਿਤੀ ਜਾਵੇਗੀ। ਸਰੀ ਅਤੇ ਡੈਲਟਾ ਤੋਂ ਰਾਈਡ ਦਾ ਪੂਰਾ ਪ੍ਰਬੰਧ ਹੈ।ਅੱਜ ਹੀ ਸੰਪਰਕ 604-307-7008

ਸਟੋਰ ਤੇ ਕੰਮ ਕਰਨ ਲਈ ਲੜਕੀਆ ਦੀ ਲੋੜ ਹੈ। ਵਧੀਆ ਤਨਖਾਹ ਦੀਤੀ ਜਾਵੇਗੀ। ਹੋਰ ਜਾਣਕਾਰੀ ਲਈ ਸੁੰਪਰਕ ਕਰੋ 604-339-2389

## BUSINESS FOR SALE

ਮਾਲਕ ਦੇ ਰਿਟਾਇਰ ਹੋਣ ਕਰਕੇ ਚੰਗੀ ਤਰ੍ਹਾਂ ਸਥਾਪਿਤ **Concrete Breaking** ਅਤੇ **Coring** ਦਾ ਬਿਜ਼ਨਸ ਵਿਕਾਓ ਹੈ। ਅਸੀਂ ਤੁਹਾਨੂੰ ਟਰੇਨਿੰਗ ਵੀ ਦੇਵਾਂਗੇ। ਚੰਗੇ ਪੈਸੇ ਬਣਾਉਣ ਵਾਲੇ ਇਸ ਬਿਜ਼ਨਸ ਦੀ ਬਹੁਤ ਹੀ ਮੰਗ ਹੈ।
ਸੰਪਰਕ ਕਰੋ: **604-250-7893**

## EMPLOYMENTS

### ਵਰਕਰਾਂ ਦੀ ਲੋੜ

**S K Farming** ਕੰਪਨੀ ਨੂੰ ਵਰਕਰਾਂ ਦੀ ਲੋੜ ਹੈ। ਤਜ਼ਰਬੇ ਦੀ ਕੋਈ ਲੋੜ ਨਹੀਂ । ਕੰਮ ਰਿਚਮੰਡ ਵਿਚ ਹੈ। ਸਰੀ ਤੋਂ ਰਾਈਡ ਦਾ ਪ੍ਰੰਬਧ ਹੈ। ਕੰਮ ਕਰਨ ਲਈ ਅਤੇ ਵਧੇਰੇ ਜਾਣਕਾਰੀ ਲਈ ਫੋਨ ਨੰਬਰ 604-834-7458 ਤੇ ਸੰਪਰਕ ਕਰੋ।

### ਵਰਕਰਾਂ ਦੀ ਲੋੜ

ਐਬਟਸਫੋਰਡ ਦੀ ਮੰਨੀ ਪ੍ਰਮੰਨੀ ਕੰਪਨੀ ਜੇ. ਕੇ.ਜ਼ੇ. ਕੰਟਰੈਕਟਿੰਗ ਲਿਮਟਿਡ ਵਾਲਿਆਂ ਨੂੰ ਨਰਸਰੀ, ਕਰੇਨਬੇਰੀ ਲਈ ਫਾਰਮ ਵਰਕਰਾਂ ਦੀ ਤੁੰਰਤ ਲੋੜ ਹੈ। ਕੰਮ ਪਲਾਂਟਿੰਗ, ਪੋਟਿੰਗ, ਬੇਰੀ ਤੋੜਨ ਅਤੇ ਕਰੇਨਬੇਰੀ ਦਾ ਹੋਵੇਗਾ ਅਤੇ ਸਾਰਾ ਸਾਲ ਚਲੇੱਗਾ । ਕੰਮ ਅਨੁਸਾਰ ਵਧੀਆ ਤਨਖਾਹ ਦਿੱਤੀ ਜਾਵੇਗੀ । ਮਿਸ਼ਨ, ਐਬਟਸਫੋਰਡ ਅਤੇ ਐਲਡਰਗਰੋਵ ਤੋਂ ਰਾਈਡ ਦਾ ਪੂਰਾ ਪ੍ਰੰਬਧ ਹੋਵੇਗਾ। ਸਾਨੂੰ ਡਰਾਈਵਾਰ ਦੀ ਵੀ ਲੋੜ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ- ਚਰਨਜੀਤ ਕੌਰ 604-309-8705

### ਵਰਕਰਾਂ ਦੀ ਲੋੜ

ਫਾਸਟ ਡਾਰਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਪ੍ਰਤੀ ਘੰਟਾ। ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਕਰਨ ਵਿਚ ਮਦਦ, ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ।ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।
ਅੱਜ ਹੀ ਸੰਪਰਕ ਕਰੋ-
ਸਾਹਿਬ ਸਿੰਘ 778-863-9000

### ਬੇਬੀ ਸਿਟਰ ਦੀ ਲੋੜ

ਗਿਲਡਫੋਡ ਏਰੀਆ 'ਚ ਜਾਂ ਤੁਹਾਡੀ ਜਗ੍ਹਾ 'ਤੇ ਮਹੀਨੇ ਦੇ ਕੁਝ ਦਿਨਾਂ ਵਾਸਤੇ ਸ਼ਾਮ 5 ਤੋਂ 9 ਵਜੇ ਤੱਕ ਪੰਜਾਬੀ ਬੇਬੀ ਸਿਟਰ ਦੀ ਲੋੜ ਹੈ। ਸਾਡੀ 4 ਸਾਲ ਦੀ ਕੁੜੀ ਅਤੇ 2 ਸਾਲ ਦਾ ਮੁੰਡਾ ਹੈ ਜੋ ਕਿ ਐਕਟਿਵ ਅਤੇ ਮਿਲਾਪੜੇ ਹਨ। ਪੈਸਿਆਂ ਲਈ ਗੱਲਬਾਤ ਕਰ ਸਕਦੇ ਹਾਂ। ਸੰਪਰਕ ਰਾਜਦੀਪ: 604-808-2579

## EMPLOYMENTS

### ਡਿਲਵਰੀ ਪਰਸਨ ਦੀ ਲੋੜ

ਬਰਨਬੀ ਵਿੱਚ ਸਥਿਤ ਇੰਡੀਅਨਲਾਈਫ ਫੂਡ ਕਾਰਪੋਰੇਸ਼ਨ ਵਾਲਿਆਂ ਨੂੰ ਫੁੱਲ-ਟਾਈਮ ਡਿਲੀਵਰੀ ਵਿਅਕਤੀ ਦੀ ਜ਼ਰੂਰਤ ਹੈ। ਊਰਜਾਵਾਨ, ਮਿਹਨਤੀ, ਉਤਸ਼ਾਹੀ ਅਤੇ ਟੀਮ ਪਲੇਅਰ ਹੋਵੇ। ਕਲਾਸ 5 ਦਾ ਡਰਾਈਵਰ ਲਾਇਸੰਸ ਅਤੇ ਸਾਫ ਡਰਾਈਵਿੰਗ ਦਾ ਰਿਕਾਰਡ ਹੋਣਾ ਲਾਜ਼ਮੀ ਅੰਗਰੇਜ਼ੀ ਵਿੱਚ ਗਲਬਾਤ ਕਰਨ ਦੇ ਯੋਗ ਹੋਣਾ ਚਾਹੀਦਾ ਹੈ।ਅਪਲਾਈ ਕਰਨ ਸਮੇਂ ਕ੍ਰਿਪਾ ਕਰਕੇ ਅਪਣੇ ਡਰਾਈਵਰ ਐਬਸਟਰੈਕਟ ਦੀ ਇੱਕ ਕਾਪੀ ਲਿਆਉ। ਹੋਰ ਜਾਣਕਾਰੀ ਲਈ ਸਪੰਰਕ ਕਰੋ 604-298-5000
ap 23

# ਕੈਲੀਫੋਰਨੀਆ ਦੇ ਧਨਾਢ ਸਿੱਖ ਆਗੂ ਤੇ ਕਈ ਸਿੱਖ ਸੰਸਥਾਵਾਂ ਦੇ ਸਰਪ੍ਰਸਤ ਸਰਦਾਰ ਦਿਦਾਰ ਸਿੰਘ ਬੈਂਸ ਨਹੀਂ ਰਹੇ



ਸੈਕਰਾਮੈਂਟੋ (ਕੈਲੀਫੋਰਨੀਆ)-ਵਿਸ਼ਵ ਦੇ ਸਿੱਖ ਭਾਈਚਾਰੇ ਵਿੱਚ ਸਤਿਕਾਰਤ ਨਾਂ ਸਰਦਾਰ ਦਿਦਾਰ ਸਿੰਘ ਬੈਂਸ ਅਚਾਨਕ ਇਸ ਦੁਨੀਆਂ ਤੋਂ ਰੁਖਸਤ ਹੋ ਗਏ। ਉਘੇ ਸਮਾਜ ਸੇਵਕ ਸਰਦਾਰ ਦਿਦਾਰ ਸਿੰਘ (84) ਨੇ ਅੱਜ ਕਰੀਬ 3 ਵਜੇ ਬਾਅਦ ਦੁਪਿਹਰ ਆਖਰੀ ਸਾਹ ਲਏ ਉਸ ਸਮੇਂ ਉਨਾਂ ਦਾ ਲਗਭਗ ਸਾਰਾ ਪਰਿਵਾਰ ਕੋਲ ਸੀ। ਸਿੱਖ ਆਗੂ ਦਿਦਾਰ ਸਿੰਘ ਬੈਂਸ ਜੋ ਯੂਬਾ ਸਿਟੀ ਸਥਿਤ ਗੁਰਦੁਆਰਾ ਟਾਇਰਾ ਬਿਓਨਾ ਦੇ ਬਾਨੀ ਸਨ ਤੇ ਸਭ ਤੋਂ ਪਹਿਲਾਂ ਉਨਾਂ ਨੇ ਇਥੋਂ ਹੀ ਵਿਦੇਸ਼ਾ ਵਿੱਚ ਨਗਰ ਕੀਰਤਨ ਕੱਢਣ ਦੀ ਰੀਤ ਤੋਰੀ ਸੀ। ਕਈ ਸਿੱਖ ਸੰਸਥਾਵਾਂ ਦੇ ਸਰਪ੍ਰਸਤ ਸਰਦਾਰ ਦਿਦਾਰ ਸਿੰਘ ਬੈਂਸ ਨੇ ਸਾਰੀ ਜਿੰਦਗੀ ਸਿੱਖੀ ਦੀ ਚੜਦੀ ਕਲਾ ਲਈ ਕਈ ਸੰਸਥਾਵਾਂ ਵਿੱਚ ਰਹਿ ਕੇ ਕੰਮ ਕੀਤਾ। ਸ੍ਰੀ ਅਕਾਲ ਤਖਤ ਸਾਹਿਬ ਵਲੋਂ ਉਨਾਂ ਨੂੰ ਪੰਥ ਰਤਨ ਦਾ ਤੇ ਭਾਈ ਸਾਹਿਬ ਦਾ ਖਿਤਾਬ ਦਿੱਤਾ ਗਿਆ ਸੀ। ਉਨਾਂ ਨੂੰ ਨਾਨਕਸਰ ਸੰਪਰਦਾ ਵਲੋਂ ਰਾਜ ਯੋਗੀ ਦਾ ਖਿਤਾਬ ਦਿੱਤਾ ਗਿਆ ਸੀ। ਸੰਤ ਲਾਭ ਸਿੰਘ ਵਲੋਂ ਅੰਰਭੀ ਗਈ ਗਰੀਬ ਕੁੜੀਆਂ ਦੇ ਵਿਆਹਾਂ ਦੌਰਾਨ ਇਨਾਂ ਨੇ ਵੱਖ ਵੱਖ ਸਮੇਂ ਤੇ ਸੈਂਕੜੇ ਗਰੀਬ ਕੁੜੀਆਂ ਦੇ ਵਿਆਹ ਕੀਤੇ। ਉਨਾਂ ਵਲੋਂ ਯੂਬਾ ਸਿਟੀ ਵਿੱਚ ਸਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ 14 ਏਕੜ ਜਮੀਨ ਸਿੱਖ ਪ੍ਰਚਾਰ ਲਈ ਦਾਨ ਦਿੱਤੀ ਗਈ। ਜਿੰਦਗੀ ਦੌਰਾਨ ਵਰਲਡ ਸਿੱਖ ਆਰਗੇਨਾਈਜੇਸ਼ਨ ਦੇ ਪ੍ਰਧਾਨ ਰਹੇ, ਇਸ ਤੋਂ ਇਲਾਵਾ ਪਟਨਾ ਸਾਹਿਬ ਲਈ ਦਾਨ, ਬਰੂ ਸਾਹਿਬ ਸੰਸਥਾ ਦੇ ਦਾਨੀ ਤੇ ਪ੍ਰਬੰਧਕ, ਅਨੰਦਪੁਰ ਸਾਹਿਬ ਖਾਲਸਾ ਹੈਰੀਟਜ ਲਈ ਦਾਨ, ਅਮਰੀਕਾ ਵਿੱਚ ਵਿਸਕਾਂਸਿਨ ਗੁਰਦੁਆਰਾ ਚ ਵਾਪਰੀ ਘਟਨਾ ਦੇ ਪੀੜਤਾਂ ਲਈ ਵੱਡਮੁਲਾ ਦਾਨ ਯੂਬਾ ਸਿਟੀ ਗਰੁਦੁਆਰਾ ਲਈ ਤੇ ਫਰੀਮਾਂਟ ਲਈ ਉਨਾਂ ਵਲੋਂ ਦਾਨ ਦਿੱਤਾ ਗਿਆ ਸੀ ਇਸ ਤੋਂ ਇਲਾਵਾ ਅਮਰੀਕਾ ਤੇ ਕਨੇਡਾ ਦੇ ਵੱਖ ਵੱਖ ਗੁਰਦੁਆਰਿਆਂ ਲਈ ਲੱਖਾ ਡਾਲਰ ਦਾਨ ਕੀਤੇ ਗਏ। ਸਥਾਨਕ ਸਰਕਾਰਾਂ ਚ ਆਫੀਸਰ ਲਾਬੀ ਤੇ ਕਾਂਗਰਸਮੈਂਨ ਤੇ ਸੈਨੇਟਰਜ ਸਰਦਾਰ ਦਿਦਾਰ ਸਿੰਘ ਬੈਂਸ ਦਾ ਬਹੁਤ ਸਤਿਕਾਰ ਕਰਦੇ ਸਨ। ਇੱਕ ਸਮੇਂ ਪ੍ਰੈਜੀਡੈਂਸ਼ੀਅਲ ਰਾਊਂਡ ਟੇਬਲ ਦੇ ਮੈਂਬਰ ਰਹੇ। ਇਸ ਤੋਂ ਇਲਾਵਾ ਤੇ ਪੀਚ ਕਿੰਗ ਰਹੇ ਤੇ ਪੀਚ ਐਸੋਸੀਏਸ਼ਨ ਅਮਰੀਕਾ ਦੇ ਮੈਂਬਰ ਰਹੇ। ਅੱਜ ਭਾਵੇਂ ਦਿਦਾਰ ਸਿੰਘ ਬੈਂਸ ਸਾਡੇ ਚ ਨਹੀਂ ਰਹੇ ਪਰ ਸਿੱਖ ਭਾਈਚਾਰੇ ਵਲੋਂ ਉਨਾਂ ਦੀ ਦੇਣ ਨੂੰ ਭੁੱਲਣਾ ਅਸੰਭਵ ਹੈ। ਸਰਦਾਰ ਦਿਦਾਰ ਸਿੰਘ ਬੈਂਸ ਦਾ ਪੰਜਾਬ ਵਿਚਲਾ ਪਿੰਡ ਨੰਗਲ ਖੁਰਦ ਨੇੜੇ ਮਾਹਿਲਪੁਰ, ਹੁਸ਼ਿਆਰਪੁਰ ਹੈ। ਉਹ ਆਪਣੇ ਪਿਛੇ ਪਤਨੀ ਸੰਤੀ ਬੈਂਸ, ਬੇਟਾ ਅਜੀਤ ਸਿੰਘ ਬੈਂਸ, ਬੇਟੀ ਦਲਜੀਤ ਕੌਰ, ਬੇਟਾ ਕਰਮਦੀਪ ਸਿੰਘ ਬੈਂਸ, ਸਟਰ ਕਾਊਂਟੀ ਸੁਪਰਵਾਈਜਰ ਨੂੰ ਅਤੇ ਆਪਣੇ ਵੱਡੇ ਭਰਾ ਦਿਲਬਾਗ ਸਿੰਘ ਬੈਂਸ ਤੇ ਜਸਵੰਤ ਸਿੰਘ ਬੈਂਸ ਨੂੰ ਪਿਛੇ ਛੱਡ ਗਏ। ਮਹਾਨ ਦਾਨੀ ਸਰਦਾਰ ਦਿਦਾਰ ਸਿੰਘ ਬੈਂਸ ਨੂੰ ਉਨਾਂ ਵਲੋਂ ਕੀਤੇ ਕਾਰਜਾਂ ਬਦਲੇ ਕਦੇ ਭੁਲਾਇਆ ਨਹੀਂ ਜਾ ਸਕਦਾ।




## ਤਾਲਿਬਾਨ ਸਰਕਾਰ ਵੱਲੋਂ ਸਿੱਖ ਧਰਮ ਦੇ ਗ੍ਰੰਥਾਂ ਨੂੰ ਅਫਗਾਨਿਸਤਾਨ ਤੋਂ ਬਾਹਰ ਲਿਜਾਣ 'ਤੇ ਪਾਬੰਦੀ

ਕਾਬੁਲ-ਤਾਲਿਬਾਨ ਸਰਕਾਰ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਹੋਰ ਧਾਰਮਿਕ ਗ੍ਰੰਥਾਂ ਨੂੰ ਅਫਗਾਨਿਸਤਾਨ ਤੋਂ ਬਾਹਰ ਲੈ ਕੇ ਜਾਣ 'ਤੇ ਪਾਬੰਦੀ ਲਗਾ ਦਿੱਤੀ ਹੈ। ਜ਼ਿਕਰਯੋਗ ਹੈ ਕਿ ਕਰਤੇ ਪਰਵਾਨ ਗੁਰਦੁਆਰੇ 'ਚ ਹੋਏ ਬੰਬ ਧਮਾਕੇ ਅਤੇ ਸਿੱਖਾਂ ਨੂੰ ਨਿਸ਼ਾਨਾ ਬਣਾਉਣ ਤੋਂ ਬਾਅਦ ਭਾਰਤ ਸਰਕਾਰ ਅਫਗਾਨਿਸਤਾਨ 'ਚ ਰਹਿ ਰਹੇ ਸਿੱਖਾਂ ਨੂੰ ਈ-ਵੀਜ਼ਾ ਦੇ ਰਹੀ ਹੈ। ਅਫਗਾਨ ਸਿੱਖ ਅਫਗਾਨਿਸਤਾਨ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਵੀ ਆਪਣੇ ਨਾਲ ਲੈ ਕੇ ਆ ਰਹੇ ਸਨ ਪਰ ਅਫਗਾਨਿਸਤਾਨ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਹੋਰ ਧਾਰਮਿਕ ਗ੍ਰੰਥਾਂ ਨੂੰ ਲੈ ਕੇ ਜਾਣ 'ਤੇ ਰੋਕ ਲਗਾ ਦਿੱਤੀ। ਜਿਸਦੇ ਕਾਰਨ 60 ਸਿੱਖ ਵੀ ਭਾਰਤ ਨਹੀਂ ਆ ਸਕੇ। ਅਫਗਾਨਿਸਤਾਨ ਦੇ ਸੱਭਿਆਚਾਰਕ ਮੰਤਰਾਲੇ ਨੇ ਧਾਰਮਿਕ ਗ੍ਰੰਥਾਂ ਨੂੰ ਅਫਗਾਨਿਸਤਾਨ ਤੋਂ ਬਾਹਰ ਲਿਜਾਣ ਦੀ ਇਜਾਜ਼ਤ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਪਿਛਲੇ ਕੁਝ ਸਮੇਂ ਤੋਂ ਤਾਲਿਬਾਨ ਸਰਕਾਰ ਵੀ ਸ਼ਾਂਤ ਮਾਹੌਲ ਦਾ ਹਵਾਲਾ ਦਿੰਦੇ ਹੋਏ ਸਿੱਖਾਂ ਅਤੇ ਹਿੰਦੂਆਂ ਨੂੰ ਅਫਗਾਨਿਸਤਾਨ ਤੋਂ ਵਾਪਸ ਪਰਤਣ ਦੀ ਅਪੀਲ ਕਰ ਰਹੀ ਹੈ। ਇਸ ਦੌਰਾਨ 11 ਸਤੰਬਰ ਨੂੰ 60 ਅਫਗਾਨ ਸਿੱਖਾਂ ਨੇ ਭਾਰਤ ਆਉਣਾ ਸੀ। ਇਸ ਘਟਨਾ ਤੋਂ ਬਾਅਦ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਵਿਦੇਸ਼ ਮੰਤਰਾਲੇ ਨੂੰ ਇਸ ਮਾਮਲੇ ਵਿੱਚ ਦਖਲ ਦੇਣ ਦੀ ਮੰਗ ਕੀਤੀ ਹੈ। ਉਨ੍ਹਾਂ ਨੇ ਇਸ ਨੂੰ ਧਾਰਮਿਕ ਮਾਮਲਿਆਂ 'ਚ ਤਾਲਿਬਾਨ ਸਰਕਾਰ ਦੀ ਦਖਲਅੰਦਾਜ਼ੀ ਕਰਾਰ ਦਿੱਤਾ ਹੈ। ਅਫਗਾਨ ਵਿਦੇਸ਼ ਮੰਤਰਾਲਾ ਇਸ ਗੱਲ 'ਤੇ ਅੜੇ ਹਨ ਕਿ ਅਫਗਾਨਿਸਤਾਨ ਦੇ ਸੱਭਿਆਚਾਰ ਅਤੇ ਸੂਚਨਾ ਮੰਤਰਾਲੇ ਤੋਂ ਅਧਿਕਾਰਤ ਪੁਸ਼ਟੀ ਪੱਤਰ ਪ੍ਰਾਪਤ ਹੋਣ ਤੱਕ ਧਾਰਮਿਕ ਗ੍ਰੰਥਾਂ ਨੂੰ ਅਫਗਾਨਿਸਤਾਨ ਤੋਂ ਬਾਹਰ ਲਿਜਾਣ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ।



# ਪ੍ਰਦੇਸਣ ਧੀਆਂ



ਧੀ ਜਦੋਂ ਇਸ ਦੁਨੀਆਂ 'ਤੇ ਆਉਂਦੀ ਹੈ ਚਾਹੀ ਜਾਂ ਅਣਚਾਹੀ ਉਸ ਦਾ ਜਨਮ ਹੋਣ ਸਾਰ ਉਸ ਦੇ ਨਾਂ ਨਾਲ ਕੁਝ ਵਿਸ਼ੇਸ਼ਣ ਜਾਂ ਪੜਨਾਂਵ ਜੁੜ ਜਾਂਦੇ ਹਨ। ਜਿਵੇਂ ਬੇਗਾਨਾ ਧਨ, ਚਾਰ ਦਿਨਾਂ ਦੀ ਪ੍ਰਾਹੁਣੀ ਤੇ ਪ੍ਰਦੇਸਣ। ਇੱਥੋਂ ਤਕ ਕਿ ਇਸ ਨੂੰ ਰੂੜੀ ਦਾ ਕੂੜਾ ਕਹਿਣੋਂ ਵੀ ਗੁਰੇਜ਼ ਨਹੀਂ ਕੀਤਾ ਜਾਂਦਾ, ਪਰ ਇਸ ਸਭ ਕੁਝ ਦੇ ਬਾਵਜੂਦ ਸਦੀਆਂ ਤੋਂ ਇਹ ਧਾਰਨਾ ਵੀ ਚਲੀ ਆਉਂਦੀ ਹੈ ਕਿ ਮਾਪਿਆਂ ਦਾ ਦੁਖ-ਸੁਖ ਜਿਸ ਤਰ੍ਹਾਂ ਧੀ ਮਹਿਸੂਸ ਕਰਦੀ ਹੈ, ਵੰਡਾਉਂਦੀ ਹੈ ਉਨੀ ਡੂੰਘਾਈ ਨਾਲ ਪੁੱਤਰ ਨਹੀਂ ਸਮਝਦੇ ਤੇ ਮਹਿਸੂਸ ਕਰਦੇ। ਫਿਰ ਵੀ ਅਸੀਂ ਧੀਆਂ ਨੂੰ ਅਜਿਹੇ ਵਿਸ਼ੇਸ਼ਣਾਂ ਨਾਲ ਸੰਬੋਧਨ ਕਰਦੇ ਹਾਂ। ਇਹ ਸਾਡੀ ਕੇਹੀ ਤ੍ਰਾਸਦੀ ਹੈ।

ਧੀਆਂ ਜੰਮ ਪਾਲ ਕੇ, ਪੜ੍ਹਾ ਕੇ, ਵਿਆਹ ਕੇ 'ਬੇਗਾਨੇ' ਘਰ ਤੋਰ ਦਿੱਤੀਆਂ ਜਾਂਦੀਆਂ ਹਨ। ਅਜੋਕੇ ਯੁੱਗ ਵਿੱਚ ਕਈ ਮਾਪਿਆਂ ਤੋਂ ਬਾਹਰੀਆਂ ਹੋਈਆਂ ਮਨਪਸੰਦ ਸਾਥੀ ਨਾਲ ਆਪੇ ਵੀ ਤੁਰ ਜਾਂਦੀਆਂ ਹਨ। ਧੀਆਂ ਸਹੁਰੇ ਘਰ ਚਲੀਆਂ ਜਾਂਦੀਆਂ ਹਨ ਤੇ ਸਹੁਰਾ ਘਰ ਕੰਧ ਉਹਲੇ ਪ੍ਰਦੇਸ ਹੀ ਤਾਂ ਹੁੰਦਾ ਹੈ। ਹੁਣ ਭਾਵੇਂ ਉਹ ਗੱਲਾਂ ਨਹੀਂ ਰਹੀਆਂ ਕਿ ਛੇ-ਛੇ ਮਹੀਨੇ ਧੀਆਂ ਭੈਣਾਂ ਪੇਕਿਆਂ ਨੂੰ ਮਿਲਣੋਂ ਹੀ ਤਰਸਦੀਆਂ ਰਹਿਣ ਜਿਵੇਂ ਕਿ ਪਿਛਲੇ ਸਮੇਂ ਹੁੰਦਾ ਸੀ। ਅੱਜ ਤਾਂ ਹਫ਼ਤੇ ਦਸ ਦਿਨ ਬਾਅਦ ਵੀ ਕੁੜੀਆਂ ਪੇਕੇ ਗੇੜਾ ਮਾਰ ਹੀ ਆਉਂਦੀਆਂ ਹਨ ਤੇ ਫੋਨ 'ਤੇ ਵੀ ਦੁਖ-ਸੁਖ ਕਰ ਲੈਂਦੀਆਂ ਹਨ। ਪਰ ਕੁਝ ਧੀਆਂ ਜਿਨ੍ਹਾਂ ਦੀ ਚੋਗ ਰੱਬ ਨੇ ਕੰਧ ਉਹਲੇ ਨਹੀਂ, ਸੱਤ ਸਮੁੰਦਰੋਂ ਪਾਰ ਖਿਲਾਰੀ ਹੁੰਦੀ ਹੈ, ਕਈ-ਕਈ ਮਹੀਨੇ ਨਹੀਂ ਸਗੋਂ ਸਾਲਾਂ ਤਕ ਮਾਪਿਆਂ ਪੇਕਿਆਂ ਨੂੰ ਮਿਲਣ ਲਈ ਤਰਸਦੀਆਂ ਰਹਿੰਦੀਆਂ ਹਨ। ਕਈ ਜਿਹੜੀਆਂ ਚੰਗੀ ਸੋਚ ਵਾਲੇ, ਮੋਹ ਭਰੇ ਦਿਲਾਂ ਵਾਲੇ ਘਰੀਂ ਜਾਂਦੀਆਂ ਹਨ ਉਹ ਸਾਲ ਦੋ ਸਾਲ ਬਾਅਦ ਵੀ ਗੇੜਾ ਮਾਰ ਜਾਂਦੀਆਂ ਹਨ।

**ਕਈ ਸਤਯੁਗੀ ਲੋਕ ਵੀ ਹਨ ਜੋ ਕਿਸੇ ਦੂਜੇ ਦੀ ਪ੍ਰਦੇਸਣ ਧੀ ਦਾ ਵੀ ਆਪਣੀ ਜਾਈ ਧੀ ਵਾਂਗ ਮਾਣ ਆਦਰ ਕਰਦੇ ਹਨ, ਘਰ ਬੁਲਾਕੇ ਚਾਹ, ਖਾਣੇ ਤੋਂ ਬਗੈਰ ਉਸ ਨੂੰ ਧੀਆਂ ਵਾਂਗ ਕੱਪੜੇ ਲੀੜੇ ਸ਼ਗਨ ਦਿੰਦੇ ਤੇ ਦਿਲੋਂ ਆਓ ਭਗਤ ਕਰਦੇ ਹਨ। ਉਹ ਕਿਸੇ ਸੌਗਾਤ ਦੇ ਲਾਲਚੀ ਨਹੀਂ ਹੁੰਦੇ। ਉਹ ਤਾਂ ਰਿਸ਼ਤਿਆਂ ਦਾ ਨਿੱਘ ਲੋੜਦੇ ਹਨ, ਮੋਹ-ਤੇਹ ਦਾ ਲਾਲਚ ਕਰਦੇ ਹਨ। ਇਹ ਸੱਜਣ ਬਿਨਾਂ ਕਿਸੇ ਸਵਾਰਥ ਤੋਂ ਆਪਣੇ ਪੁਰਾਣੇ ਸੱਭਿਆਚਾਰ ਨੂੰ ਨਿਭਾਉਂਦੇ ਹਨ, ਧੀਆਂ ਦੇ ਮਾਣ ਕਰਨ ਦੇ ਲੋਭ ਨਾਲ। ਅਜਿਹੇ ਲੋਕ ਵੀ ਅਜੇ ਇਸੇ ਦੁਨੀਆਂ ਵਿੱਚ ਵਸਦੇ ਹਨ।**

ਇਹ ਪ੍ਰਦੇਸਣਾਂ ਧੀਆਂ ਲੱਖਾਂ ਰੁਪਿਆ ਖਰਚ ਕਰਕੇ, ਮਨਾਂ ਵਿੱਚ ਮਣਾਂ ਮੂੰਹੀਂ ਮੋਹ ਤੇ ਵੱਡੇ-ਵੱਡੇ ਅਟੈਚੀ ਕੇਸਾਂ ਵਿੱਚ ਹਜ਼ਾਰਾਂ ਰੁਪਿਆਂ ਦਾ ਸਾਮਾਨ ਭਰਕੇ ਭੈਣ- ਭਰਾਵਾਂ, ਭਰਜਾਈਆਂ, ਭਤੀਜੇ ਭਤੀਜੀਆਂ, ਭਾਣਜੇ ਭਾਣਜੀਆਂ ਗੱਲ ਕੀ ਪੂਰੇ ਪੇਕੇ ਪਰਿਵਾਰ ਲਈ ਵੀ ਇਵੇਂ ਹੀ ਸੌਗਾਤਾਂ ਲੈ ਕੇ ਆਉਂਦੀਆਂ ਹਨ। ਬੇਸ਼ੱਕ ਉਹ ਉਨ੍ਹਾਂ ਦੀ ਦਿਨ ਰਾਤ ਕੰਮ ਕਰਕੇ ਕਮਾਈ ਜਮ੍ਹਾਂ ਪੂੰਜੀ ਹੁੰਦੀ ਹੈ ਜੋ ਉਹ ਆਪਣੇ ਖਰਚਿਆਂ ਤੋਂ ਸੰਕੋਚ ਕਰ ਕੇ ਜੋੜ-ਜੋੜ ਰੱਖਦੀਆਂ ਹਨ। ਉਹ ਖੁਸ਼ੀ-ਖੁਸ਼ੀ ਰਿਸ਼ਤੇਦਾਰਾਂ ਨੂੰ ਸਮਰਪਤ ਕਰ ਜਾਂਦੀਆਂ ਹਨ। ਮੁੰਡੇ ਵੀ ਅਜਿਹਾ ਹੀ ਕਰਦੇ ਹਨ ਪਰ ਕੁੜੀਆਂ ਨਾਲੋਂ ਘੱਟ। ਜਦੋਂ ਅਜਿਹੀਆਂ ਧੀਆਂ-ਭੈਣਾਂ ਪੇਕੇ ਸਹੁਰੇ ਘਰ ਪੁੱਜਦੀਆਂ ਹਨ, ਕੁਝ ਦਿਨ ਤਾਂ ਉਨ੍ਹਾਂ ਦਾ ਬੜਾ ਮਾਨ ਸਨਮਾਨ ਹੁੰਦਾ ਹੈ, ਤਰ੍ਹਾਂ-ਤਰ੍ਹਾਂ ਦੇ ਪਕਵਾਨ ਪਰੋਸੇ ਜਾਂਦੇ ਹਨ, "ਪਾਣੀ ਮੰਗੇ ਦੁੱਧ ਦਿੰਦੀਆਂ ਵਾਲੀ ਗੱਲ ਹੁੰਦੀ ਹੈ, ਪਰ ਜਿਉਂ ਜਿਉਂ ਉਨ੍ਹਾਂ ਦੇ ਲਿਆਂਦੇ ਤੋਹਫ਼ਿਆਂ ਦੀ ਆਬ ਘਟਦੀ ਜਾਂਦੀ ਹੈ ਆਦਰ-ਭਾਅ ਵੀ ਘਟਦਾ ਜਾਂਦਾ ਹੈ। ਬੇਸ਼ਕ ਸਾਰੇ ਪਰਿਵਾਰਾਂ ਦੀ ਅਜਿਹੀ ਸੋਚ ਨਹੀਂ ਹੁੰਦੀ, ਪਰ ਇਹ ਹੁੰਦਾ ਜ਼ਰੂਰ ਹੈ। ਇਹ ਇੱਕ ਕੌੜਾ ਸੱਚ ਹੈ ਜੋ ਕਈਆਂ ਨੂੰ ਹਜ਼ਮ ਨਹੀਂ ਹੋਣਾ।

ਮੇਰੀ ਕਈ ਪ੍ਰਦੇਸਣ ਧੀਆਂ ਨਾਲ ਗੱਲ ਹੁੰਦੀ ਹੈ। ਇੱਕ ਨੇ ਦੱਸਿਆ ਕਿ ਉਸ ਦੀਆਂ ਅੱਠਵੀਂ-ਦਸਵੀਂ ਵਿੱਚ ਪੜ੍ਹਦੀਆਂ ਭਤੀਜੀਆਂ ਬਹੁਤ ਚੀਜ਼ਾਂ ਦੀ ਫਰਮਾਇਸ਼ ਕਰਦੀਆਂ ਹਨ, ਉਹ ਲੈ ਕੇ ਆਉਂਦੀ ਹੈ, ਪਰ ਉਨ੍ਹਾਂ ਦੇ ਨੱਕ ਥੱਲੇ ਨਹੀਂ ਆਉਂਦੀਆਂ। ਭੈਣਾਂ-ਭਰਜਾਈਆਂ ਨੂੰ ਮਹਿੰਗੇ ਤੋਂ ਮਹਿੰਗਾ ਸਾਮਾਨ ਲੈ ਕੇ ਆਉਂਦੀ ਹੈ, ਪਰ ਕਿਸੇ ਨੂੰ ਪਸੰਦ ਨਹੀਂ ਆਉਂਦਾ। ਇੱਕ ਹੋਰ ਪ੍ਰਦੇਸਣ ਧੀ ਦਾ ਕਹਿਣਾ ਸੀ ਕਿ ਉਨ੍ਹਾਂ ਨੂੰ ਤਾਂ ਕਈ ਵਾਰ ਇਉਂ ਲੱਗਦਾ ਹੈ ਜਿਵੇਂ ਪਰਿਵਾਰ ਵਾਲੇ ਉਨ੍ਹਾਂ ਨਾਲੋਂ ਵੱਧ ਉਨ੍ਹਾਂ ਵੱਲੋਂ ਲਿਆਂਦੀਆਂ ਚੀਜ਼ਾਂ ਨੂੰ ਉਡੀਕਦੇ ਹੋਣ। ਘਰ ਦਾ ਹਰ ਜੀ ਉਨ੍ਹਾਂ ਕੋਲੋਂ ਕੁਝ ਭਾਲਦਾ ਹੈ, ਪਰ ਉਨ੍ਹਾਂ ਲਈ ਆਪਣੀ ਮੁੱਠੀ ਬੰਦ ਰੱਖਦੇ ਹਨ। ਇੱਕ ਸਹੁਰੇ ਘਰ ਆਈ ਪ੍ਰਦੇਸਣ ਧੀ ਨੇ ਦੱਸਿਆ ਕਿ ਜਦੋਂ ਤਕ ਸੱਸ-ਸਹੁਰਾ ਜਿਉਂਦੇ ਸਨ, ਕੁਝ ਮਾਣ ਆਦਰ ਮਿਲਦਾ ਸੀ। ਹੁਣ ਜਦੋਂ ਆਈ ਦਾ ਹੈ ਦਿਓਰਾਂ ਤੇ ਜੇਠਾਂ ਨੂੰ ਫਿਕਰ ਪੈ ਜਾਂਦਾ ਹੈ ਕਿ ਠੇਕਾ ਵਟਾਈ ਮੰਗਣਗੇ। ਬਹੁਤਾ ਕਰਕੇ ਹਰ ਪ੍ਰਦੇਸਣ ਧੀ ਦੀ ਇੱਕੋ ਜਿਹੀ ਦਾਸਤਾਨ ਹੈ।

ਮੈਨੂੰ ਦੱਸਦਿਆਂ ਖੁਸ਼ੀ ਹੋ ਰਹੀ ਹੈ ਕਿ ਅਜੇ ਕੋਈ ਚੰਗੀ ਮਾਂ ਦੀ ਜਾਈ ਮੇਜ਼ਬਾਨ ਸੁਆਣੀ ਸਾਡੇ ਸਮਾਜ ਵਿੱਚ ਹੈ ਜੋ ਪ੍ਰਦੇਸਣ ਧੀਆਂ ਦਾ ਸੱਚੇ ਮਨੋਂ ਮਾਣ ਆਦਰ ਕਰਦੀ ਹੈ, ਉਨ੍ਹਾਂ ਨੂੰ ਜਿਵੇਂ ਭੋਂਇ 'ਤੇ ਪੈਰ ਨਹੀਂ ਰੱਖਣ ਦਿੰਦੀ। ਖਿੜੇ ਮੱਥੇ ਉਨ੍ਹਾਂ ਦੀ ਸੇਵਾ ਕਰਦੀ ਹੈ। ਮੈਨੂੰ ਇੱਕ ਪ੍ਰਦੇਸਣ ਧੀ ਨੇ ਦੱਸਿਆ ਕਿ ਅਸੀਂ ਦੋ ਭੈਣਾਂ ਪ੍ਰਦੇਸ 'ਚ ਹਾਂ, ਹਰ ਸਾਲ ਆਉਂਦੀਆਂ ਹਾਂ ਸਾਡੇ ਮਾਪੇ ਮਰ ਚੁੱਕੇ ਨੇ ਪਰ ਭਰਾ-ਭਰਜਾਈ, ਭਤੀਜੇ-ਭਤੀਜੀਆਂ ਸਾਡਾ ਮਾਣ-ਆਦਰ ਕਰਦੇ ਹਨ। ਸਾਥੋਂ ਛੋਟੀ ਕੀਤਿਆਂ ਕੋਈ ਚੀਜ਼ ਨਹੀਂ ਮੰਗਵਾਉਂਦੇ ਜੋ ਸੌਗਾਤਾਂ ਅਸੀਂ ਲੈ ਕੇ ਆਉਂਦੀਆਂ ਹਾਂ ਉਨ੍ਹਾਂ ਨੂੰ ਵੀ ਕਹਿੰਦੇ ਹਨ ਧੀਆਂ ਦੇ ਘਰੋਂ ਨਹੀਂ ਲਈਦਾ ਤੇ ਆਪ ਸਾਡੇ ਰੋਕਣ 'ਤੇ ਵੀ ਸਾਨੂੰ ਕੁਝ ਨਾ ਕੁਝ ਦੇ ਕੇ ਹੀ ਤੋਰਦੇ ਹਨ।

ਕਈ ਸਤਯੁਗੀ ਲੋਕ ਵੀ ਹਨ ਜੋ ਕਿਸੇ ਦੂਜੇ ਦੀ ਪ੍ਰਦੇਸਣ ਧੀ ਦਾ ਵੀ ਆਪਣੀ ਜਾਈ ਧੀ ਵਾਂਗ ਮਾਣ ਆਦਰ ਕਰਦੇ ਹਨ, ਘਰ ਬੁਲਾਕੇ ਚਾਹ, ਖਾਣੇ ਤੋਂ ਬਗੈਰ ਉਸ ਨੂੰ ਧੀਆਂ ਵਾਂਗ ਕੱਪੜੇ ਲੀੜੇ ਸ਼ਗਨ ਦਿੰਦੇ ਤੇ ਦਿਲੋਂ ਆਓ ਭਗਤ ਕਰਦੇ ਹਨ। ਉਹ ਕਿਸੇ ਸੌਗਾਤ ਦੇ ਲਾਲਚੀ ਨਹੀਂ ਹੁੰਦੇ। ਉਹ ਤਾਂ ਰਿਸ਼ਤਿਆਂ ਦਾ ਨਿੱਘ ਲੋੜਦੇ ਹਨ, ਮੋਹ-ਤੇਹ ਦਾ ਲਾਲਚ ਕਰਦੇ ਹਨ। ਇਹ ਸੱਜਣ ਬਿਨਾਂ ਕਿਸੇ ਸਵਾਰਥ ਤੋਂ ਆਪਣੇ ਪੁਰਾਣੇ ਸੱਭਿਆਚਾਰ ਨੂੰ ਨਿਭਾਉਂਦੇ ਹਨ, ਧੀਆਂ ਦੇ ਮਾਣ ਕਰਨ ਦੇ ਲੋਭ ਨਾਲ। ਅਜਿਹੇ ਲੋਕ ਵੀ ਅਜੇ ਇਸੇ ਦੁਨੀਆਂ ਵਿੱਚ ਵਸਦੇ ਹਨ।

ਮੈਨੂੰ ਲੱਗਦਾ ਇਹ ਪ੍ਰਦੇਸਣ ਧੀਆਂ ਵਿਦੇਸ਼ੀਂ ਆਪਣੇ ਘਰ ਰੰਗੀਂ ਵਸਦੀਆਂ ਵੀ ਜਿਵੇਂ ਵਿਜੋਗਣਾਂ ਜਿਹੀਆਂ ਹੁੰਦੀਆਂ ਹਨ। ਉਨ੍ਹਾਂ ਦੀ ਰੂਹ ਜਿਵੇਂ ਭਿੱਜੀ-ਭਿੱਜੀ, ਸਿੱਲ੍ਹੀ-ਸਿੱਲ੍ਹੀ ਰਹਿੰਦੀ ਹੈ। ਸੱਤ ਸਮੁੰਦਰ ਪਾਰ ਬੈਠੀਆਂ ਵੀ ਜਿਵੇਂ ਉਹ ਸਾਡੇ ਵੱਲ ਬਾਹਵਾਂ ਫੈਲਾਈ ਰੱਖਦੀਆਂ ਹਨ। ਛੋਟੇ ਵੱਡੇ, ਭੈਣ-ਭਰਾਵਾਂ, ਭਤੀਜੇ-ਭਤੀਜੀਆਂ ਲਈ ਉਨ੍ਹਾਂ ਦੇ ਹੱਥ ਜਿਵੇਂ ਹਰ ਵੇਲੇ ਦੁਆ ਲਈ ਉੱਠੇ ਰਹਿੰਦੇ ਹਨ, ਜੁੜੇ ਰਹਿੰਦੇ ਹਨ। ਮਾਪਿਆਂ ਲਈ ਜਿਵੇਂ ਉਹ ਕੂੰਜ ਵਾਂਗ ਕੁਰਲਾਉਂਦੀਆਂ ਹਨ, ਪਰ ਚੁੱਪ-ਚੁੱਪੀਤੀਆਂ। ਕਿਤੇ ਬਹੁਤ ਪਹਿਲਾਂ ਪੜ੍ਹੇ ਅੰਮ੍ਰਿਤਾ ਪ੍ਰੀਤਮ ਦੇ 'ਪਿੰਜਰ' ਨਾਵਲ ਵਿਚਲੇ ਲੋਕ ਗੀਤ ਵਰਗੇ ਬੋਲ ਮੇਰੇ ਜ਼ਿਹਨ 'ਚ ਗੂੰਜ ਉੱਠਦੇ ਹਨ। ਧੀ ਮਾਂ ਨੂੰ ਕਹਿੰਦੀ ਹੈ:

ਚਰਖਾ ਜੁ ਡਾਹਨੀਆਂ ਮੈਂ-ਛੋਪੇ ਜੁ ਪਾਨੀਆਂ ਮੈਂ,<br>
ਪਿੜੀਆਂ ਵਾਲੇ ਤਾਂ ਮੇਰੇ ਖੇਸ ਨੀਂ।<br>
ਪੁੱਤਰਾਂ ਨੂੰ ਦਿੱਤੇ ਉੱਚੇ ਮਹਿਲ ਤੇ ਮਾੜੀਆਂ,<br>
ਧੀਆਂ ਨੂੰ ਦਿੱਤਾ ਪ੍ਰਦੇਸ ਨੀ।

ਸ਼ਾਲਾਂ! ਸੁਖੀ ਵੱਸਣ ਇਹ ਪ੍ਰਦੇਸਣਾਂ ਧੀਆਂ। ਕੂੰਜਾਂ ਧੀਆਂ ਜੋ ਸਭ ਦੀ ਖੈਰ ਮੰਗਦੀਆਂ ਹਨ।

**—ਪਰਮਜੀਤ ਕੌਰ ਥਿੰਦ**


AMA CONCRETE

Commercial & Residential


- Placing Pumping & Finishing
- Foundation Floors
- Smooth Finishing
- Exposed Broom Finishing
- Stamped Concrete

ਜੇਕਰ ਤੁਸੀਂ ਡਰਾਈਵੇਅ ਪੁੱਟਣਾ ਚਾਹੁੰਦੇ ਹੋ, ਸਾਈਡ ਵਾਕ, ਕਰਬਜਾਂ ਕਿਸੇ ਵੀ ਤਰ੍ਹਾਂ ਦੀ ਕੰਕਰੀਟ ਨੂੰ ਕੱਟ ਕੇ ਰਿਮੂਵ ਕਰਦੇ ਹਾਂ

ਵਧੀਆ ਸਰਵਿਸ , ਵਾਜਿਬ ਰੇਟ ਅਤੇ ਮੁਫਤ ਐਸਟੀਮੇਟ ਲਈ ਫੋਨ ਕਰੋ

Sodhi: 604-518-4389 | Harjeet: 604-613-0472

J & S Insulation & Rebar Ltd.





Residential & Commercial

Batt Insulation, Rigid Insulation, Insulate Sprinkler, Slab Insulation, Rebar, Poly, Styrofoam

Quality Work, Free Estimates


Best Price

Sarbjit: 604.841.9849

SKY BLUE DRYWALL LTD.

Residential & Commercial

T-Bar
Steel Stud
Boarding
Taping
Ceiling Texture
Renovation
Quality Work
Free Estimates



Daljit Singh

778-549-3605

E: singh.mand@icloud.com

# ਦੋਸਤਾਂ ਤੋਂ ਦੁਖੀ ਹੈ ਨਰਗਿਸ ਫਾਖਰੀ



ਨਰਗਿਸ ਨੂੰ ਅਮਰੀਕਾ ਤੋਂ ਇਥੇ ਉਸ ਦੀ ਕਿਸਮਤ ਖਿੱਚ ਲਿਆਈ ਸੀ, ਨਹੀਂ ਤਾਂ ਉਸ ਨੇ ਕਦੀ ਸੁਪਨੇ ਵਿਚ ਵੀ ਨਹੀਂ ਸੋਚਿਆ ਸੀ ਕਿ ਬਾਲੀਵੁੱਡ ਵਿਚ ਅਦਾਕਾਰਾ ਬਣੇਗੀ। ਚੰਗੀ ਕਿਸਮਤ ਨੂੰ ਉਸ ਦੀ ਪਹਿਲੀ ਹੀ ਫ਼ਿਲਮ ਟਿਕਟ ਖਿੜਕੀ 'ਤੇ ਚੰਗੀ ਹਿੱਟ ਵੀ ਸਾਬਤ ਹੋਈ ਪਰ 'ਰਾਕ ਸਟਾਰ' (2011) ਤੋਂ ਬਾਅਦ ਫਿਰ ਉਸ ਦਾ ਕਰੀਅਰ ਉਸ ਤਰ੍ਹਾਂ ਪਰਵਾਨ ਨਹੀਂ ਚੜ੍ਹ ਸਕਿਆ। ਇਥੋਂ ਤੱਕ ਕਿ ਉਸ ਨੂੰ 'ਫਟਾ ਪੋਸਟਰ ਨਿਕਲਾ ਹੀਰੋ' (2013) 'ਕਿੱਕ' (2014) ਅਤੇ 'ਡਿਸ਼ੂਮ' (2016) ਵਰਗੀਆਂ ਫ਼ਿਲਮਾਂ ਵਿਚ ਆਈਟਮ ਮੁਟਿਆਰ ਵਾਲੀਆਂ ਭੂਮਿਕਾਵਾਂ ਵੀ ਕਰਨੀਆਂ ਪਈਆਂ। 2016 ਵਿਚ ਇਕ ਦਿਨ ਅਚਾਨਕ ਖ਼ਬਰ ਆਈ ਕਿ ਨਰਗਿਸ ਵਾਪਸ ਨਿਊਯਾਰਕ ਚਲੀ ਗਈ। ਕਿਸੇ ਨੂੰ ਸਮਝ ਨਹੀਂ ਆਇਆ ਕਿ ਉਸ ਨੂੰ ਇਸ ਤਰ੍ਹਾਂ ਦਾ ਕਦਮ ਕਿਉਂ ਅਤੇ ਕਿਹੜੇ ਹਲਾਤ 'ਚ ਚੁੱਕਣ ਲਈ ਮਜਬੂਰ ਹੋਣਾ ਪਿਆ। ਕੁਝ ਲੋਕਾਂ ਦਾ ਖਿਆਲ ਸੀ ਕਿ ਉਦੈ ਚੋਪੜਾ ਦੇ ਪਿਆਰ ਵਿਚ ਮਿਲੀ ਨਾਕਾਮੀ ਤੋਂ ਉਹ ਟੁੱਟ ਜਿਹੀ ਗਈ ਸੀ। 2018 ਵਿਚ ਨਰਗਿਸ ਅੰਗਰੇਜ਼ੀ ਭਾਸ਼ੀ ਫ਼ਿਲਮ '5 ਵੈਡਿੰਗਜ਼' ਵਿਚ ਨਜ਼ਰ ਆਈ। 2019 ਵਿਚ ਉਸ ਦੀ ਇਕ ਹੋਰ ਫ਼ਿਲਮ 'ਅਮਾਵਸ' ਰਿਲੀਜ਼ ਹੋਈ। 2020 ਵਿਚ ਉਨ੍ਹਾਂ ਨੇ ਨੈਟਫਲਿਕਸ ਲਈ 'ਤੋਰਬਾਜ' ਕੀਤੀ ਪਰ ਇਨ੍ਹਾਂ ਵਿਚੋਂ ਇਕ ਵੀ ਫ਼ਿਲਮ ਨਹੀਂ ਚੱਲੀ। ਇਸ ਤਰ੍ਹਾਂ ਉਸ ਦੀ ਵਾਪਸੀ ਬੇਮਕਸਦ ਹੋ ਕੇ ਰਹਿ ਗਈ। ਅੱਜ ਨਰਗਿਸ ਮੁੰਬਈ ਵਿਚ ਹੈ। ਉਹ ਫਿਰ ਤੋਂ ਬਾਲੀਵੁੱਡ ਫ਼ਿਲਮਾਂ ਵਿਚ ਰੁੱਝ ਜਾਣਾ ਚਾਹੁੰਦੀ ਹੈ ਪਰ ਉਸ ਕੋਲ ਕੰਮ ਨਹੀਂ ਹੈ। ਇਸ ਸਮੇਂ ਉਹ ਨਿਰਦੇਸ਼ਕ ਕ੍ਰਿਸ਼ ਜਗਰਾਲਮੁਡੀ ਦੇ ਨਿਰਦੇਸ਼ਨ ਵਿਚ ਪਵਨ ਕਲਿਆਣ ਦੇ ਉਲਟ ਦੱਖਣ ਦੀ ਫ਼ਿਲਮ 'ਹਰੀ ਹਾਰਾ ਵੀਰਾ ਮੱਲੂ' ਕਰ ਰਹੀ ਹੈ। ਨਰਗਿਸ ਨੂੰ ਦੇਖ ਕੇ ਲਗਦਾ ਹੈ ਕਿ ਜਿਵੇਂ ਉਨ੍ਹਾਂ ਵਿਚ ਹੁਣ ਕਿਸੇ ਤਰ੍ਹਾਂ ਦਾ ਉਤਸ਼ਾਹ ਜਾਂ ਕੋਈ ਇੱਛਾ ਨਹੀਂ ਬਚੀ। ਨਰਗਿਸ ਨੇ ਆਪਣੇ ਵਲੋਂ ਕਦੀ ਕੁਝ ਅਜ਼ਮਾਉਣ ਦੀ ਕੋਸ਼ਿਸ਼ ਹੀ ਨਹੀਂ ਕੀਤੀ। ਉਹ ਸਿਰਫ ਇਕ ਮਸ਼ੀਨ ਬਣ ਕੇ ਰਹਿ ਗਈ ਹੈ। ਨਰਗਿਸ ਫਾਖਰੀ ਦਾ ਘਰ ਨਿਊਯਾਰਕ ਵਿਚ ਹੈ। ਉਸ ਦਾ ਕਹਿਣਾ ਹੈ ਕਿ ਹਿੰਦੁਸਤਾਨ ਵਿਚ ਉਨ੍ਹਾਂ ਨੂੰ ਘਰ ਵਰਗਾ ਮਹਿਸੂਸ ਨਹੀਂ ਹੁੰਦਾ। ਇਹ ਵੀ ਉਨ੍ਹਾਂ ਦੀ ਉਦਾਸੀ ਦਾ ਇਕ ਵੱਡਾ ਕਾਰਨ ਹੋ ਸਕਦਾ ਹੈ। ਕਿਹਾ ਜਾਂਦਾ ਹੈ ਕਿ ਦੋਸਤ ਇਨਸਾਨ ਦਾ ਦੁੱਖ ਘੱਟ ਕਰਨ ਲਈ ਹੁੰਦੇ ਹਨ ਪਰ ਨਰਗਿਸ ਦੇ ਨਾਲ ਤ੍ਰਾਸਦੀ ਇਹ ਰਹੀ ਹੈ ਕਿ ਉਸ ਨੂੰ ਤਾਂ ਉਸ ਦੇ ਦੋਸਤਾਂ ਨੇ ਹੀ ਦੁੱਖ ਦੇਣ ਦਾ ਕੰਮ ਕੀਤਾ ਹੈ।



# ਮੈਂ ਵਿੱਕੀ ਬਾਰੇ ਕਦੇ ਸੋਚਿਆ ਨਹੀਂ ਸੀ-ਕੈਟਰੀਨਾ

ਮੁੰਬਈ-ਅਦਾਕਾਰਾ ਕੈਟਰੀਨਾ ਕੈਫ਼ ਨੇ ਆਖਿਆ ਕਿ ਉਸ ਨੇ ਕਦੇ ਵਿੱਕੀ ਕੌਸ਼ਲ ਬਾਰੇ ਸੋਚਿਆ ਨਹੀਂ ਸੀ। ਉਹ ਉਸ ਦੀ ਤਕਦੀਰ ਵਿੱਚ ਲਿਖਿਆ ਸੀ ਅਤੇ ਉਸ ਨੇ ਹਰ ਹੀਲੇ ਮਿਲਣਾ ਹੀ ਸੀ। ਅਦਾਕਾਰਾ ਨੇ ਇਹ ਖ਼ੁਲਾਸਾ ਕਰਨ ਜੌਹਰ ਦੇ ਸ਼ੋਅ 'ਕੌਫ਼ੀ ਵਿੱਦ ਕਰਨ-7' ਦੇ ਦਸਵੇਂ ਐਪੀਸੋਡ ਦੌਰਾਨ ਕੀਤਾ। ਇਸ ਸ਼ੋਅ 'ਚ ਈਸ਼ਾਨ ਖੱਟਰ ਤੇ ਸਿਧਾਰਥ ਚਤੁਰਵੇਦੀ ਨਾਲ ਮਹਿਮਾਨ ਵਜੋਂ ਸ਼ਾਮਲ ਹੋਈ ਕੈਟਰੀਨਾ ਕੈਫ਼ ਨੇ ਕਿਹਾ, 'ਮੈਂ ਵਿੱਕੀ ਬਾਰੇ ਕੁਝ ਨਹੀਂ ਸੀ ਜਾਣਦੀ। ਮੈਨੂੰ ਬੱਸ ਇਹ ਪਤਾ ਸੀ ਕਿ ਇਸ ਨਾਂ ਦਾ ਕੋਈ ਸ਼ਖ਼ਸ ਹੈ। ਅਸੀਂ ਕਦੇ ਮਿਲੇ ਵੀ ਨਹੀਂ ਸੀ, ਪਰ ਜਦੋਂ ਅਸੀਂ ਮਿਲੇ, ਉਸ ਨੇ ਮੇਰਾ ਦਿਲ ਜਿੱਤ ਲਿਆ।' ਅਦਾਕਾਰਾ ਨੇ ਦੱਸਿਆ ਕਿ ਵਿੱਕੀ ਨੂੰ ਪਸੰਦ ਕਰਨ ਵਾਲੀ ਗੱਲ ਉਸ ਨੇ ਸਭ ਤੋਂ ਪਹਿਲਾਂ ਨਿਰਦੇਸ਼ਕਾ ਜ਼ੋਇਆ ਅਖ਼ਤਰ ਨਾਲ ਸਾਂਝੀ ਕੀਤੀ ਸੀ, ਜਿਸ ਦੀ ਪਾਰਟੀ ਵਿੱਚ ਉਹ ਦੋਵੇਂ ਮਿਲੇ ਸਨ। ਵਿੱਕੀ ਨਾਲ ਆਪਣਾ ਰਿਸ਼ਤਾ ਅਚਾਨਕ ਹੋਣ ਬਾਰੇ ਕੈਟਰੀਨਾ ਨੇ ਆਖਿਆ, 'ਉਹ ਮੇਰੀ ਕਿਸਮਤ ਵਿੱਚ ਲਿਖਿਆ ਸੀ ਤੇ ਅਸੀਂ ਮਿਲਣਾ ਹੀ ਸੀ। ਅਜਿਹੇ ਕਈ ਮੌਕੇ ਹੁੰਦੇ ਹਨ, ਜਦੋਂ ਇਹ ਸਭ ਕੁਝ ਸੁਫ਼ਨਾ ਲੱਗਦਾ ਹੈ।' ਜ਼ਿਕਰਯੋਗ ਹੈ ਕਿ 'ਕੌਫ਼ੀ ਵਿਦ ਕਰਨ' ਡਿਜ਼ਨੀ ਹੌਟਸਟਾਰ 'ਤੇ ਪ੍ਰਸਾਰਿਤ ਹੁੰਦਾ ਹੈ।

# ਫ਼ਿਲਮ 'ਜੋਗੀ' 'ਚ ਅਲੀ ਅਤੇ ਹਿਮਾਂਸ਼ੂ ਨਾਲ ਕੰਮ ਕਰਨ ਦਾ ਤਜਰਬਾ ਰਿਹਾ ਸ਼ਾਨਦਾਰ-ਦਿਲਜੀਤ



ਮੁੰਬਈ-ਅਦਾਕਾਰ ਦਿਲਜੀਤ ਦੋਸਾਂਝ ਦੀ ਫ਼ਿਲਮ 'ਜੋਗੀ' ਦਾ 16 ਸਤੰਬਰ ਨੂੰ ਨੈੱਟਫਲਿਕਸ 'ਤੇ ਪ੍ਰੀਮੀਅਰ ਹੋਣ ਜਾ ਰਿਹਾ ਹੈ। ਦਿਲਜੀਤ ਨੇ ਫ਼ਿਲਮ 'ਚ ਅਲੀ ਅੱਬਾਸ ਜ਼ਫ਼ਰ ਤੇ ਹਿਮਾਂਸ਼ੂ ਮਹਿਰਾ ਨਾਲ ਕੀਤੇ ਕੰਮ ਬਾਰੇ ਆਪਣਾ ਤਜਰਬਾ ਸਾਂਝਾ ਕੀਤਾ। ਉਸ ਨੇ ਆਖਿਆ ਕਿ ਇਹ ਅਹਿਮ ਹੈ ਕਿ ਫ਼ਿਲਮ ਦੀ ਕਹਾਣੀ ਭਰੋਸੇਯੋਗ ਅਤੇ ਸੰਵੇਦਨਸ਼ੀਲ ਹੈ। ਫ਼ਿਲਮ ਦੀ ਸ਼ੂਟਿੰਗ ਕੌਮੀ ਰਾਜਧਾਨੀ ਵਿੱਚ ਕੀਤੀ ਗਈ ਹੈ, ਜੋ ਸਾਲ 1984 'ਚ ਵਾਪਰੇ ਸਿੱਖ ਕਤਲੇਆਮ 'ਤੇ ਆਧਾਰਿਤ ਹੈ। ਫ਼ਿਲਮ 'ਚ ਤਿੰਨ ਦੋਸਤ ਆਪਣੇ ਇਲਾਕੇ ਵਿੱਚ ਸੈਂਕੜੇ ਲੋਕਾਂ ਦੀ ਜਾਨ ਬਚਾਉਂਦੇ ਨਜ਼ਰ ਆਉਂਦੇ ਹਨ। ਫ਼ਿਲਮ ਵਿੱਚ ਦਿਲਜੀਤ ਦੋਸਾਂਝ, ਕੇ. ਮਿਸ਼ਰਾ, ਮੁਹੰਮਦ ਜ਼ੀਸ਼ਾਨ ਅਯੂਬ, ਹਿਤੇਨ ਤੇਜਵਾਨੀ ਤੇ ਅਮਾਇਰਾ ਦਸਤੂਰੀ ਅਹਿਮ ਭੂਮਿਕਾਵਾਂ ਵਿੱਚ ਹਨ। ਫ਼ਿਲਮ 'ਚ ਦਿਲਜੀਤ, ਜੋਗੀ ਦਾ ਕਿਰਦਾਰ ਨਿਭਾਅ ਰਿਹਾ ਹੈ, ਜੋ ਭਾਈਚਾਰੇ ਅਤੇ ਏਕਤਾ ਦਾ ਹਾਮੀ ਹੈ ਅਤੇ ਆਪਣਿਆਂ ਦੀ ਹਿਫਾਜ਼ਤ ਲਈ ਹਰ ਸਥਿਤੀ ਨਾਲ ਮੱਥਾ ਲਾਉਣ ਦਾ ਫੈਸਲਾ ਕਰਦਾ ਹੈ। ਅਲੀ ਤੇ ਹਿਮਾਂਸ਼ੂ ਨਾਲ ਕੰਮ ਕਰਨ ਦਾ ਆਪਣਾ ਤਜਰਬਾ ਸਾਂਝਾ ਕਰਦਿਆਂ ਦਿਲਜੀਤ ਨੇ ਕਿਹਾ, "ਅਲੀ ਤੇ ਹਿਮਾਂਸ਼ੂ ਭਾਜੀ ਨਾਲ ਇਸ ਪ੍ਰਾਜੈਕਟ 'ਤੇ ਕੰਮ ਕਰਨਾ ਬਹੁਤ ਸ਼ਾਨਦਾਰ ਰਿਹਾ। ਇਹ ਕਾਫ਼ੀ ਅਹਿਮ ਹੁੰਦਾ ਹੈ ਕਿ ਕਹਾਣੀ ਭਰੋਸੇਯੋਗ ਅਤੇ ਗੰਭੀਰ ਹੋਵੇ। ਮੈਂ ਬਹੁਤ ਖ਼ੁਸ਼ ਹਾਂ ਕਿ ਅਲੀ ਤੇ ਹਿਮਾਂਸ਼ੂ ਭਾਜੀ ਨੇ ਕਹਾਣੀ ਦੀ ਗੰਭੀਰਤਾ ਨੂੰ ਸਮਝਿਆ। ਮੈਂ ਉਮੀਦ ਕਰਦਾ ਹਾਂ ਕਿ ਦਰਸ਼ਕ ਸਾਡੇ ਕੰਮ ਨੂੰ ਪਸੰਦ ਕਰਨਗੇ। 'ਜੋਗੀ' ਦਾ ਨਿਰਦੇਸ਼ਨ ਅਲੀ ਅੱਬਾਸ ਜ਼ਫਰ ਨੇ ਕੀਤਾ ਜਦਕਿ ਹਿਮਾਂਸ਼ੂ ਕਿਸ਼ਨ ਮਹਿਰਾ ਤੇ ਅਲੀ ਅੱਬਾਸ ਜ਼ਫਰ ਮਿਲ ਕੇ ਫਿਲਮ ਪ੍ਰੋਡਿਊਸ ਕਰ ਰਹੇ ਹਨ।



# 'ਮਾਜਾ ਮਾ' ਵਿਚ ਮੁੱਖ ਭੂਮਿਕਾ ਨਿਭਾਏਗੀ ਮਾਧੁਰੀ ਦੀਕਸ਼ਿਤ

ਮੁੰਬਈ-ਅਦਾਕਾਰਾ ਮਾਧੁਰੀ ਦੀਕਸ਼ਿਤ ਨੇਨੇ ਫ਼ਿਲਮ 'ਮਾਜਾ ਮਾ' ਵਿੱਚ ਮੁੱਖ ਭੂਮਿਕਾ ਨਿਭਾਵੇਗੀ। ਆਨੰਦ ਤਿਵਾੜੀ ਵੱਲੋਂ ਨਿਰਦੇਸ਼ਿਤ ਇਹ ਫਿਲਮ ਪ੍ਰਾਈਮ ਵੀਡੀਓਜ਼ ਦੀ ਪਹਿਲੀ ਭਾਰਤੀ ਐਮਾਜ਼ੋਨ ਓਰਿਜਨਲ ਫ਼ਿਲਮ ਹੈ, ਜਿਸ ਦੀ ਕਹਾਣੀ ਭਾਰਤ ਵਿੱਚ ਰਵਾਇਤੀ ਤਿਉਹਾਰਾਂ ਨੂੰ ਧੂਮਧਾਮ ਨਾਲ ਮਨਾਉਣ ਅਤੇ ਮਹਿੰਗੇ ਵਿਆਹ ਸਮਾਗਮਾਂ ਦੇ ਖ਼ਿਲਾਫ਼ ਹੈ। ਇਹ ਫ਼ਿਲਮ 6 ਅਕਤੂਬਰ ਨੂੰ ਰਿਲੀਜ਼ ਹੋਵੇਗੀ। ਫ਼ਿਲਮ ਵਿੱਚ ਮਾਧੁਰੀ ਤੋਂ ਇਲਾਵਾ ਗਜਰਾਜ ਰਾਓ, ਰਿਤਵਿਕ ਬੀ., ਬਰਖਾ ਸਿੰਘ, ਸ੍ਰਿਸ਼ਟੀ ਸ੍ਰੀਵਾਸਤਵ, ਰਜਿਤ ਕਪੂਰ, ਸ਼ੀਬਾ ਛਾਬੜਾ, ਸਿਮੋਨ ਸਿੰਘ, ਮਲਹਾਰ ਠੱਕਰ ਤੇ ਨਿਨਾਦ ਕਾਮਤ ਵੀ ਅਹਿਮ ਭੂਮਿਕਾਵਾਂ ਵਿੱਚ ਨਜ਼ਰ ਆਉਣਗੇ। ਫ਼ਿਲਮ 'ਬੰਦਿਸ਼ ਬੈਂਡਿਟਸ' ਤੋਂ ਬਾਅਦ ਨਿਰਦੇਸ਼ਕ ਆਨੰਦ ਤਿਵਾੜੀ ਦਾ ਐਮਾਜ਼ੋਨ ਵੀਡੀਓ ਨਾਲ ਇਹ ਦੂਸਰਾ ਪ੍ਰਾਜੈਕਟ ਹੈ। ਪ੍ਰਾਈਮ ਵੀਡੀਓਜ਼ ਦੇ ਇੰਡੀਆ ਓਰਿਜਨਲਜ਼ ਦੀ ਮੁਖੀ ਅਪਰਨਾ ਪੁਰੋਹਿਤ ਨੇ ਇਸ ਫ਼ਿਲਮ ਬਾਰੇ ਗੱਲ ਕਰਦਿਆਂ ਕਿਹਾ, 'ਇਸ ਫਿਲਮ ਰਾਹੀਂ ਕਾਸਟ ਪੂਰੀ ਮਿਹਨਤ ਨਾਲ ਆਪਣਾ ਬਿਤਰੀਨ ਕੰਮ ਲੈ ਕੇ ਪੇਸ਼ ਹੋ ਰਹੀ ਹੈ। ਮੈਂ ਇਸ ਫਿਲਮ ਪ੍ਰਤੀ ਦਰਸ਼ਕਾਂ ਦੇ ਪ੍ਰਤੀਕਰਮ ਵੇਖਣ ਲਈ ਬਹੁਤ ਉਤਾਵਲੀ ਹਾਂ।' ਅਪਰਨਾ ਨੇ ਕਿਹਾ, 'ਮੈਂ ਇਸ ਫਿਲਮ ਨੂੰ ਲੈ ਕੇ ਇਸ ਲਈ ਵੀ ਉਤਸਾਹਿਤ ਹਾਂ ਕਿਉਂਕਿ ਇਸ ਕਮਾਲ ਦੀ ਕਹਾਣੀ ਨੂੰ ਫਿਲਮ ਜਗਤ ਦੀ ਸਭ ਤੋਂ ਖ਼ੂਬਸੂਰਤ ਤੇ ਹੁਨਰਮੰਦ ਅਦਾਕਾਰਾਵਾਂ ਵਿੱਚੋਂ ਇੱਕ ਮਾਧੁਰੀ ਦੀਕਸ਼ਿਤ ਪੇਸ਼ ਕਰ ਰਹੀ ਹੈ।'

# ਸਾਰਾ ਅਲੀ ਖ਼ਾਨ ਦਾ ਨਵਾਂ ਸ਼ੋਅ 'ਕੇਸ ਤੋ ਬਨਤਾ ਹੈ'

ਐਮਾਜ਼ੋਨ ਮਿਨੀ ਟੀ.ਵੀ. ਨੇ ਸ਼ੋਅ ਸ਼ੁਰੂ ਕੀਤਾ ਹੈ 'ਕੇਸ ਤੋ ਬਨਤਾ ਹੈ' ਤੇ ਇਸ ਸ਼ੋਅ ਲਈ 'ਐਮਾਜ਼ੋਨ' ਨੇ ਸਾਰਾ ਅਲੀ ਖ਼ਾਨ ਨੂੰ ਲਿਆ ਹੈ। ਕਾਮੇਡੀਅਨ ਪਰੀਤੋਸ਼ ਤ੍ਰਿਪਾਠੀ ਇਸ ਸ਼ੋਅ 'ਚ ਹਾਸਰਸ ਦੇ ਇਲਜ਼ਾਮ ਸਾਰਾ 'ਤੇ ਲਾ ਕੇ ਸ਼ੋਅ ਨੂੰ ਮਨੋਰੰਜਕ ਬਣਾ ਰਿਹਾ ਹੈ। 'ਓ.ਟੀ.ਟੀ. ਐਵਾਰਡਜ਼ 2022' ਪ੍ਰਾਪਤ ਕਰਨ ਵਾਲੀ ਸਾਰਾ ਦਾ ਕਾਰਤਿਕ ਆਰੀਅਨ ਨਾਲ ਪਿਆਰ ਕਿੱਸਾ ਤਕਰੀਬਨ ਸਮਾਪਤ ਹੈ ਪਰ ਐਵਾਰਡ ਸਮਾਗਮ 'ਚ ਦੋਵੇਂ ਇਵੇਂ ਗੱਲਾਂ ਕਰਦੇ ਨਜ਼ਰ ਆਏ ਜਿਵੇਂ ਸਾਰਾ ਅਲੀ ਲਈ ਸਾਰਾ ਕੁਝ ਹੀ ਕਾਰਤਿਕ ਹੈ। 'ਕੇਸ ਤੋ ਬਨਤਾ ਹੈ' ਸ਼ੋਅ 'ਚ ਸਾਰਾ ਦਾ ਇਹ ਸੰਵਾਦ ਕਿ 'ਮੈਂ ਗਈ ਜੇਲ੍ਹ ਤੋ ਮਿਲ ਜਾਏਗੀ ਤੁਰੰਤ ਬੇਲ' ਆਪਣੇ-ਆਪ 'ਚ ਬੀ-ਟਾਊਨ ਦੇ ਨਾਲ ਸੰਬੰਧਾਂ ਤੇ ਜਾਂਚ 'ਤੇ ਵਿਅੰਗ ਹੈ। ਖਾਸ ਖ਼ਬਰ ਇਹ ਵੀ ਹੈ ਕਿ ਸੈਫ਼ ਅਲੀ ਖ਼ਾਨ ਦੀ ਇਸ ਅਭਿਨੇਤਰੀ ਬੇਟੀ ਨਾਲ ਉਸ ਤੋਂ 5 ਸਾਲ ਨਿੱਕੇ ਮਸ਼ਹੂਰ ਕ੍ਰਿਕਟਰ ਸ਼ੁੱਭਮਨ ਗਿੱਲ ਦਾ ਰਾਬਤਾ ਵਧ ਰਿਹਾ ਹੈ। ਸਾਰਾ ਨੇ ਸ਼ੁੱਭਮਨ ਨਾਲ



ਡਿਨਰ ਕੀਤਾ ਹੈ ਤੇ ਇਹ ਤਸਵੀਰ ਖ਼ੂਬ ਚਰਚਾ ਵਿਚ ਹੈ। ਚਰਚਾ ਸਾਰਾ ਦੇ ਚਮਕੀਲੇ ਪਹਿਰਾਵੇ 'ਤੇ ਹੋਈ ਤਾਂ ਪ੍ਰਸ਼ੰਸਕਾਂ ਨੇ ਕਿਹਾ ਕਿ 'ਸਾਰਾ ਅਲੀ ਖ਼ਾਨ, ਸਾਡੀ ਜਾਨ' ਪਰ ਜਦ ਉਹ ਗਣਪਤੀ ਬੱਪਾ ਦੇ ਮੰਦਰ ਰਣਵੀਰ ਸਿੰਘ ਤੇ ਦੀਪਿਕਾ ਪਾਦੂਕੋਨ ਨਾਲ ਸਾਧਾਰਨ ਪਹਿਰਾਵੇ ਵਿਚ ਗਈ ਤਾਂ ਇਕ ਪ੍ਰਸ਼ੰਸਕ ਨੇ ਤਸਵੀਰ 'ਤੇ ਕੁਮੈਂਟ ਕੀਤਾ ਕਿ ਸਾਰਾ ਤਾਂ ਰਣਵੀਰ-ਦੀਪਿਕਾ ਦੇ ਘਰੇ ਕੰਮ ਕਰਨ ਵਾਲੀ ਬਾਈ (ਨੌਕਰਾਣੀ) ਲਗਦੀ ਹੈ। ਹੁਣ ਪ੍ਰਸ਼ੰਸਕਾਂ 'ਤੇ ਵੀ 'ਕੇਸ ਤੋ ਬਨਤਾ ਹੈ' ਤੇ ਸਾਰਾ ਲਈ ਇਹ ਵੀ ਅਸਲੀ ਹਾਸੇ ਦੀ ਇਕ ਘਟਨਾ ਹੈ। ਸਾਰਾ ਦੀ ਦੋਸਤੀ ਜਾਹਨਵੀ ਕਪੂਰ ਨਾਲ ਕਾਫ਼ੀ ਗੂੜ੍ਹੀ ਹੈ। ਦੋਵੇਂ 'ਡਿਜ਼ਨੀ ਪਲੱਸ' ਦੇ ਸ਼ੋਅ 'ਚ ਵੀ ਨੇੜੇ-ਨੇੜੇ ਹੀ ਸਨ। 'ਐ ਮੇਰੇ ਵਤਨ-ਮੇਰੇ ਵਤਨ' ਫ਼ਿਲਮ 'ਚ ਸਾਰਾ ਅਲੀ ਖ਼ਾਨ ਨੇ ਆਜ਼ਾਦੀ ਸੰਗਰਾਮ ਦੀ ਦੇਸ਼ ਭਗਤ ਊਸ਼ਾ ਮਹਿਤਾ ਦਾ ਕਿਰਦਾਰ ਨਿਭਾਉਣਾ ਹੈ। ਸਾਰਾ ਦੀਆਂ ਫ਼ਿਲਮਾਂ ਤੇ ਟੀ.ਵੀ. ਸ਼ੋਅ 'ਚ ਹੁਣ ਵੰਨ-ਸੁਵੰਨਤਾ ਹੈ।

# ਸਰੀ ਵਿਖੇ ਲਾਇਨਜ਼ ਆਈ ਚੈਰੀਟੇਬਲ ਹਸਪਤਾਲ ਆਦਮਪੁਰ ਦੇ ਚੇਅਰਮੈਨ ਦਸ਼ਵਿੰਦਰ ਕੁਮਾਰ ਦਾ ਸਨਮਾਨ

ਸਰੀ (ਹਰਦਮ ਮਾਨ)-'ਆਈਜ਼ ਫਾਰ ਦਿ ਵਰਲਡ ਮੋਰ' ਸੰਸਥਾ ਅਤੇ 'ਸੰਤ ਵਤਨ ਸਿੰਘ ਲੰਬਰਦਾਰ ਭਗਵੰਤ ਸਿੰਘ ਮਿਨਹਾਸ ਚੈਰੀਟੇਬਲ ਟਰੱਸਟ' ਵੱਲੋਂ ਲਾਇਨਜ਼ ਆਈ ਚੈਰੀਟੇਬਲ ਹਸਪਤਾਲ ਆਦਮਪੁਰ ਦੇ ਚੇਅਰਮੈਨ ਦਸ਼ਵਿੰਦਰ ਕੁਮਾਰ ਦੇ ਸਨਮਾਨ ਹਿਤ ਵਿਸ਼ੇਸ਼ ਪ੍ਰੋਗਰਾਮ ਕਰਵਾਇਆ ਗਿਆ। ਸਨਮਾਨਿਤ ਸ਼ਖ਼ਸੀਅਤ ਬਾਰੇ ਬੋਲਦਿਆਂ ਬੀ.ਸੀ. ਦੇ ਕਾਰੋਬਾਰੀ ਅਤੇ ਸੱਭਿਆਚਾਰਕ ਖੇਤਰ ਦੀ ਜਾਣੀ ਪਛਾਣੀ ਸ਼ਖ਼ਸੀਅਤ ਜਤਿੰਦਰ ਜੇ ਮਿਨਹਾਸ ਨੇ ਕਿਹਾ ਕਿ ਦਸ਼ਵਿੰਦਰ ਕੁਮਾਰ ਵੱਲੋਂ ਪਿਛਲੇ 20 ਸਾਲਾਂ ਤੋਂ ਲਾਇਨਜ਼ ਆਈ ਚੈਰੀਟੇਬਲ ਹਸਪਤਾਲ ਆਦਮਪੁਰ ਦੇ ਚੇਅਰਮੈਨ ਵਜੋਂ ਸੇਵਾਵਾਂ ਨਿਭਾਈਆਂ ਜਾ ਰਹੀਆਂ ਹਨ। ਉਹ ਵੱਡੇ ਬਿਜਨਸਮੈਨ ਹੋਣ ਦੇ ਨਾਲ ਨਾਲ ਮਨੁੱਖਤਾ ਦੀ ਭਲਾਈ ਹਿਤ ਸੇਵਾ ਦਾ ਮਹਾਨ ਕਾਰਜ ਕਰਦੇ ਆ ਰਹੇ ਹਨ ਅਤੇ ਇਸ ਸੰਸਥਾ ਨੂੰ ਸਮਰਪਿਤ ਹਨ। 'ਸੰਤ ਵਤਨ ਸਿੰਘ ਲੰਬਰਦਾਰ ਭਗਵੰਤ ਸਿੰਘ ਮਿਨਹਾਸ ਚੈਰੀਟੇਬਲ ਟਰੱਸਟ' ਰਾਹੀਂ ਪਿਛਲੇ ਲੰਮੇਂ ਸਮੇਂ ਤੋਂ ਲਾਇਨਜ਼ ਆਈ ਚੈਰੀਟੇਬਲ ਹਸਪਤਾਲ ਆਦਮਪੁਰ ਲਈ ਸਮੁੱਚੇ ਪਰਿਵਾਰ ਵੱਲੋਂ ਲੱਗਭੱਗ 5 ਕਰੋੜ ਰੁਪਏ ਦਾ ਯੋਗਦਾਨ ਪਾ ਚੁੱਕੇ ਜੇ. ਮਿਨਹਾਸ ਨੇ ਦੱਸਿਆ ਕਿ ਇਸ ਹਸਪਤਾਲ ਵਿਚ ਪਿਛਲੇ ਦੋ ਦਹਾਕਿਆਂ ਤੋਂ 'ਆਈ ਕੈਟਰਿਕ' ਦੀ ਮੁਫ਼ਤ ਅਤੇ ਵਧੀਆ ਸੇਵਾ ਪ੍ਰਦਾਨ ਕੀਤੀ ਜਾ ਰਹੀ ਹੈ ਅਤੇ ਅਸੀਂ ਚਾਹੁੰਦੇ ਹਾਂ ਕਿ 'ਆਈ ਰੈਟੀਨਾ' ਦੀ ਸੇਵਾ ਵੀ ਉਨ੍ਹਾਂ ਲੋੜਵੰਦਾਂ ਤੱਕ ਮੁਫ਼ਤ ਪਹੁੰਚਾਈ ਜਾਵੇ ਜੋ ਇਹ ਮਹਿੰਗੀ ਸੇਵਾ ਹਾਸਲ ਕਰਨ ਦੀ ਪਹੁੰਚ ਨਹੀਂ ਰੱਖਦੇ। ਇਸ ਸਬੰਧੀ ਲੋੜੀਂਦੀ ਜਗ੍ਹਾ ਉਨ੍ਹਾਂ ਲੈ ਲਈ ਹੈ ਅਤੇ ਲੋੜੀਂਦੇ ਉਪਕਰਣਾਂ ਤੇ ਮਾਹਰ ਡਾਕਟਰਾਂ ਦੀ ਲੋੜ ਹੈ। ਇਸ ਮੌਕੇ ਜੇ. ਮਿਨਹਾਸ, ਡਾ. ਜੈਸੀ ਮਿਨਹਾਸ ਅਤੇ ਡਾ. ਧਰਮਿੰਦਰ ਢੱਡਾ ਨੇ ਦਸ਼ਵਿੰਦਰ ਕੁਮਾਰ ਤੋਂ ਆਸ ਪ੍ਰਗਟਾਈ ਕਿ ਉਹ 'ਆਈ ਰੈਟੀਨਾ' ਸੇਵਾ ਲਈ ਉਪਕਰਣ ਅਤੇ ਮਾਹਰ ਡਾਕਟਰਾਂ ਦੀਆਂ ਸੇਵਾਵਾਂ ਉਪਲਬਧ ਕਰਵਾਉਣ ਵਿਚ ਉਨ੍ਹਾਂ ਦੀ ਮਦਦ ਕਰਨਗੇ। ਇਸ ਸਨਮਾਨ ਮੌਕੇ , ਡੌਨ ਜੌਰਜ, ਜੈਗ ਮਿਨਹਾਸ, ਤਰਸੇਮ ਮਿਨਹਾਸ, ਚਰਨਜੀਤ ਮਿਨਹਾਸ, ਸਤਨਾਮ ਮਿਨਹਾਸ, ਪਰਮਜੀਤ ਸਿੰਘ, ਓਂਕਾਰ ਸਿੰਘ ਚੱਢਾ, ਸੋਨੀ ਪਰਮਾਰ, ਇੰਦਰਜੀਤ ਜੰਜੂਆ ਅਤੇ ਰਾਹੁਲ (ਸੁਨਾਰ ਜਿਊਲਰਜ਼) ਹਾਜਰ ਸਨ।






MORTGAGE

Get Interest Rates as low as

4.18%*

5 YEARS VARIABLE CLOSED

*Conditions Apply. Rates subject to change without notice. Vald till 31 Aug., 22. It is for the Principal house.

GET CASH BACK UP TO $3000*



Superior Mortgage

Unit 244-8138-128 Street, Surrey

604 507 1000

Our Symbol of Care & Service



JOSAN REBAR & DAMPPROOFING LTD.

7 ਸਾਲ ਤੋਂ ਵੱਧ ਤਜ਼ਰਬਾ

- BEAM LOG • POLY
- COMPACTING
- STYROFOAM
- FOUNDATION
- DAMPPROOFING
- WINDOW WELL
- INSULATION
- REINFORCING STEEL
- POST TENSIONING & WIRE MESH
- DRIVEWAY, SIDEWALK & GARAGE





- ਮੁਫਤ ਐਸਟੀਮੇਟ ਲਈ ਫੋਨ ਕਰੋ:

ਸੁਖਵਿੰਦਰ ਸਿੰਘ ਜੋਸਨ

604.250.1686

Email: sukhwinderjosan25@gmail.com

ਸ਼ੋਰ ਸਾਈਡ ਫਿਸ਼ ਕੈਨਰੀ



ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।

- ਕੰਮ ਲਈ ਘਰੋਂ ਲਿਜਾਣ ਅਤੇ ਛੱਡਣ ਦਾ ਪ੍ਰਬੰਧ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।

ਸਟੂਡੈਂਟ ਵੀ ਅਪਲਾਈ ਕਰ ਸਕਦੇ ਹਨ।

STUDENTS CAN ALSO APPLY

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।

ਸਾਨੂੰ ਵੈਨ ਚਲਾਉਣ ਲਈ ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।

PHONE: 604-244-1118

FAX: 604-270-3075

ਫੋਰਕਲਿਫਟ ਡਰਾਈਵਰਾਂ ਦੀ ਲੋੜ ਹੈ।

FORKLIFT DRIVERS NEEDED

Gold Key
INSURANCE

Number 1 in the Community for 25 Years.

Explore Your Options

Home | Condo | Rental | Tenants
Business | CGL Liability | Property
Trucking | Cargo | Fleet |Equipment
Construction | Contractor | Farm
Travel | Super Visa | Medical
Auto | Marine | Motorcycle
and much more..

We guarantee the best Home and Business Insurance prices. Call now mention LINK NEWSPAPER and ask about our special rates, providing multiple quotes fast, saving you hundreds of $$$$.

TEL : 604 502 0441

ICBC Online and Delivery available.

ਪੰਜਾਬੀ
हिंदी

| | | | |
|---|---|---|---|
| SURREY<br>(604) 502 - 0441<br>FAX (604) 502-0417 | 5-8430 128TH ST.<br>SURREY, BC<br>V3W 4G3 | MON-FRI<br>SATURDAY<br>SUNDAY | 8 AM - 8 PM<br>9 AM - 6 PM<br>9 AM - 5 PM |
| VANCOUVER<br>(604) 325 - 1241<br>FAX (604) 325-1414 | 4038 KNIGHT ST.<br>VANCOUVER, BC<br>V5N 5Y7 | MON-FRI<br>SATURDAY<br>SUNDAY | 9 AM - 8 PM<br>9 AM - 5 PM<br>9 AM - 5 PM |

ICBC autoplan

OPEN 7 DAYS

www.goldkeyinsurance.ca


fruiticana hee jaana!
Your one and only Surrey owned Punjabi store
ਸਰੀ ਦਾ ਹਰਮਨ ਪਿਆਰਾ ਤੁਹਾਡਾ ਆਪਣਾ ਇਕੋ ਇਕ ਪੰਜਾਬੀ ਸਟੋਰ
LOWEST PRICES IN TOWN
EXTRA EXTRA SUPER SPECIAL
Yellow Onions 50 lbs
ਪੀਲੇ ਗੰਢੇ
YELLOW ONION
$18.99 bag
EXTRA SUPER SUPER SPECIAL
Red Onions 25 lbs
ਲਾਲ ਗੰਢੇ
RED ONIONS
$16.99 bag
Green Beans
ਹਰੀਆਂ ਫਲੀਆਂ
$1.49 lb
Green Cabbage
ਹਰੀ ਬੰਦ ਗੋਭੀ
59¢ lb
Zucchini Squash
ਜ਼ੁਕੀਨੀ ਸਕੁਐਸ਼
88¢ lb
Peaches
ਆੜੂ
$1.99 lb
Ashoka Cut Okra Frozen 908 gms
ਅਸ਼ੋਕਾ ਭਿੰਡੀ
$2.99 pkg.
EXTRA SUPER SUPER SPECIAL
Red, Yellow & Orange Peppers
ਸ਼ਿਮਲਾ ਮਿਰਚਾਂ
(ਲਾਲ, ਪੀਲੀਆਂ ਅਤੇ ਸੰਤਰੀ)
99¢ lb
SUPER SPECIAL
Russet Potatoes Snoboy 10 lbs
ਆਲੂ ਰਸਟ ਸਨੋਬੁਆਏ
$3.99 bag
SUPER SPECIAL
BC Hot Chili Peppers
ਬੀਸੀ ਲੰਮੀਆਂ ਕੌੜੀਆਂ ਮਿਰਚਾਂ
$2.49 lb
SUPER SPECIAL
BC Gala Apples
ਬੀਸੀ ਗਾਲਾ ਸੇਬ
99¢ lb
SUPER SPECIAL
Seedless Watermelons
ਬਿਨਾਂ ਬੀਜ ਹਦਵਾਣਾ
59¢ lb
SUPER SPECIAL
Chickpeas, Chana Dal & Red Lentil Whole 4 lbs (Indican)
ਚਿੱਟੇ ਛੋਲੇ, ਚਨੇ ਦੀ ਦਾਲ,
ਮਸਰਾਂ ਦੀ ਸਾਬਤ ਦਾਲ
(ਇੰਡੀਕੈਨ)
$3.88 bag
SUPER SPECIAL
Red Delicious Apples
ਲਾਲ ਸਵਾਦ ਸੇਬ
98¢ lb
SUPER SPECIAL
Green & Red Seedless Grapes
ਅੰਗੂਰ ਲਾਲ ਜਾਂ ਹਰੇ (ਬਿਨਾਂ ਬੀਜ ਤੋਂ)
$1.99 lb
Indican Assam Tea 216's
ਇੰਡੀਕੈਨ ਅਸਾਮ ਚਾਹ
$7.99 box
Hamdard Rooh Afza (Indian) 750 ml
ਰੂਹ ਅਫਜ਼ਾ
$3.49 bottle
Dabur Rose Syrup 710 ml
ਡਾਬਰ ਗੁਲਾਬ ਰਸ
$4.99 bottle
Indican Almond Oil 1 L
ਇੰਡੀਕੈਨ ਬਦਾਮ ਦਾ ਤੇਲ
$12.99 bottle
Green Elaichi (Cardamom) S.G
ਹਰੀ ਇਲਾਇਚੀ (ਐੱਸ. ਜੀ)
$18.99 lb
Thur Sep 15, 2022 - Wed Sep 21, 2022
We reserve the right to limit the quantities while they last
Specials valid for Lower Mainland only
Product images may differ from the actual product.
22 LOCATIONS TO SERVE YOU
Head Office: 7676 Anvil Way, Surrey
604-502-0005
www.fruiticana.com
fruiticana SINCE 1994
BUSINESS HOURS
9 AM - 9 PM
7 DAYS A WEEK
Newton ---------- 13783 72nd Ave. Surrey ---- 604-590-2080
Newton ---------- 13174 64th Ave. Surrey ----- 604-598-9220
Scott Road ------ 12047 80th Ave. Surrey ----- 604-591-5032
Scott Road ------ 104-7028 120th St. ---------- 604-590-8864
Cedar Hills ------ 12867 96th Ave. Surrey ----- 604-588-6620
Fleetwood ------- 101-15933 Fraser Hwy ------ 604-593-5163
Fleetwood ------- 15230 84 Ave. ---------------- 236-317-6272
Surrey ----------- 12990 72nd Ave. ------------- 604-503-5510
Surrey ----------- 12788 76A Ave. Surrey ----- 604-597-1676
Surrey ----------- 16788 64 Ave. --------------- 604-372-2023
Surrey ----------- 101-7228 192St. ------------- 604-575-3750
New Westminster 101-331 6th St. -------------- 604-395-3595
Abbotsford------ 2785 Bourquin Crescent W. 604-744-0328
Abbotsford ------ 31205 Maclure Rd. ---------- 604-504-5877
Port Coquitlam 2807 Shaughnessy St. ------ 604-464-0822
Vancouver ------- 6257 Fraser St. -------------- 604-321-9931
Richmond-------- 4101 No.5 Rd. ---------------- 604-244-9520